ਜਿਲਦ: 7, ਅੰਕ: 05

1 -15 ਸਤੰਬਰ, 2026 (ਮੁਫ਼ਤ)

# ਨਿਊ ਇੰਡੀਆ ਸਮਾਚਾਰ



ਵਾਂ 80 ਸੁਤੰਤਰਤਾ ਦਿਵਸ ਸਮਾਰੋਹ

# ਰਾਸ਼ਟਰ ਦੀ ਨਿਰੰਤਰ ਯਾਤਰਾ ਦਾ ਜੈਘੋਸ਼...

ਆਜ਼ਾਦੀ ਦੇ 100 ਵਰ੍ਹਿਆਂ ਦਾ ਸੰਕਲਪ ਸਾਕਾਰ ਕਰਨ ਦੇ ਲਈ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ 13ਵੇਂ ਸੰਬੋਧਨ ਵਿੱਚ ਦੇਸ਼ ਦੇ ਸਾਹਮਣੇ ਵਿਕਾਸ ਦੀ ਸਪਤ ਧਾਰਾ ਦਾ ਰੋਡਮੈਪ ਰੱਖਿਆ। ਇਸ ਦੇ ਨਾਲ ਹੀ, ਸੈਮੀਕੰਡਕਟਰ ਤੋਂ ਲੈ ਕੇ ਰੱਖਿਆ ਕ੍ਰਾਂਤੀ ਤੱਕ, ਸਾਰੇ ਮੋਰਚਿਆਂ 'ਤੇ ਉੱਕਰੀ ਆਤਮਨਿਰਭਰ ਭਾਰਤ ਦੀ ਸੁਨਹਿਰੀ ਝਲਕ....

# ਆਓ... ਮਿਲ ਕੇ
# ਵਿਕਸਿਤ ਭਾਰਤ ਬਣਾਈਏ



**ਲਾਲ ਕਿਲ੍ਹੇ 'ਤੇ ਨਾ ਭੁੱਲਣਯੋਗ ਸੁਤੰਤਰਤਾ ਦਿਵਸ! ਇਹ ਦਿਨ ਉਨ੍ਹਾਂ ਮਹਾਂਪੁਰਖਾਂ ਦੇ ਸਾਹਸ ਅਤੇ ਬਲੀਦਾਨ ਦੀ ਯਾਦ ਦਿਵਾਉਂਦਾ ਹੈ ਜਿਨ੍ਹਾਂ ਨੇ ਸਾਨੂੰ ਆਜ਼ਾਦੀ ਦਿਵਾਈ। ਤਿਰੰਗਾ ਸਾਨੂੰ ਹਰ ਚੁਣੌਤੀ ਨੂੰ ਪਾਰ ਕਰਨ, ਏਕਤਾ ਦੇ ਬੰਧਨ ਨੂੰ ਮਜ਼ਬੂਤ ਕਰਨ ਅਤੇ ਰਾਸ਼ਟਰ ਦੇ ਪ੍ਰਤੀ ਆਪਣੇ ਆਪ ਨੂੰ ਸਮਰਪਿਤ ਕਰਨ ਦੇ ਲਈ ਪ੍ਰੇਰਿਤ ਕਰਦਾ ਹੈ। ਸਮਾਂ ਸਾਡਾ ਹੈ, ਮੌਕਾ ਸਾਡਾ ਹੈ, ਸੰਕਲਪ ਸਾਡਾ ਹੈ—ਆਓ, ਮਿਲ ਕੇ ਵਿਕਸਿਤ ਭਾਰਤ ਬਣਾਈਏ...**

ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਸੰਬੋਧਨ ਸੁਣਨ ਦੇ ਲਈ QR ਕੋਡ ਸਕੈਨ ਕਰੋ।



ਨਿਊ ਇੰਡੀਆ
# ਸਮਾਚਾਰ

ਜਿਲਦ: 7, ਅੰਕ 05 | 1- 15 ਸਤੰਬਰ, 2026

**ਐਡੀਟਰ ਇਨ ਚੀਫ਼ :**
**ਧੀਰੇਂਦਰ ਓਝਾ**
ਪ੍ਰਿੰਸੀਪਲ ਡਾਇਰੈਕਟਰ ਜਨਰਲ,
ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ
**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ
**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ
**ਅਖਿਲੇਸ਼ ਕੁਮਾਰ**
**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ
**ਸੁਮਿਤ ਕੁਮਾਰ (ਅੰਗ੍ਰੇਜ਼ੀ),**
**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**
**ਨਦੀਮ ਅਹਿਮਦ (ਉਰਦੂ),**
**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ
**ਫੂਲ ਚੰਦ ਤਿਵਾਰੀ**

ਡਿਜ਼ਾਈਨਰ
**ਅਭੈ ਗੁਪਤਾ**
**ਸਤਯਮ ਸਿੰਘ**




**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ।**
https://newindiasamachar.pib.gov.in/news.aspx

**ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ**
https://newindiasamachar.pib.gov.in/archive.aspx

ਨਿਊ ਇੰਡੀਆ ਸਮਾਚਾਰ ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ: @NISPIBIndia

# ਅੰਦਰਲੇ ਪੰਨਿਆਂ ਉੱਤੇ...

80 ਵਾਂ ਸੁਤੰਤਰਤਾ ਦਿਵਸ ਸਮਾਰੋਹ
ਕਵਰ ਸਟੋਰੀ

## 2047 ਦਾ ਸੰਕਲਪ ਸਪਤ ਧਾਰਾ ਦੀ ਸਮਰੱਥਾ

ਬੀਤੇ 12 ਵਰ੍ਹਿਆਂ ਵਿੱਚ 'ਰਾਸ਼ਟਰ ਪ੍ਰਥਮ' ਦੇ ਮੰਤਰ ਦੇ ਨਾਲ ਭਾਰਤ ਨੇ ਵਿਕਾਸ ਦਾ ਜੋ ਨਵਾਂ ਅਧਿਆਏ ਲਿਖਿਆ ਹੈ, ਉਹ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੇ ਟੀਚੇ ਦਾ ਅਧਾਰ ਥੰਮ੍ਹ ਬਣ ਚੁੱਕਿਆ ਹੈ। ਅਜਿਹੇ ਵਿੱਚ ਇਸ 15 ਅਗਸਤ ਨੂੰ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਮੋਦੀ ਨੇ ਵਿਕਾਸ ਦੀ ਨਵੀਂ ਸਪਤ ਧਾਰਾ ਦਾ ਸੱਦਾ ਦਿੱਤਾ । ਇਸ ਦੇ ਨਾਲ ਹੀ, 13ਵਾਂ ਸੰਬੋਧਨ ਬਣ ਗਿਆ ਰਾਸ਼ਟਰ ਦੀ ਨਿਰੰਤਰ ਯਾਤਰਾ ਦਾ ਜੈਘੋਸ਼... |10-29



**ਵਿਭਾਜਨ ਵਿਭੀਸ਼ਿਕਾ ਸਮ੍ਰਿਤੀ ਦਿਵਸ**
### ਭਾਰਤ ਦੀ ਏਕਤਾ, ਅਖੰਡਤਾ
ਅਤੇ ਸ਼ਾਂਤੀ ਬਣਾਏ ਰੱਖਣ ਦਾ ਦ੍ਰਿੜ੍ਹ ਸੰਕਲਪ

ਦੇਸ਼ ਦੀ ਵੰਡ ਦਾ ਦਰਦ ਅਤੇ ਲੋਕਾਂ ਦੇ ਸੰਘਰਸ਼ ਅਤੇ ਬਲੀਦਾਨ ਦੀ ਯਾਦ ਵਿੱਚ 14 ਅਗਸਤ ਨੂੰ ਮਨਾਏ ਜਾਣ ਵਾਲੇ 'ਵਿਭਾਜਨ ਵਿਭੀਸ਼ਿਕਾ ਸਮ੍ਰਿਤੀ ਦਿਵਸ' ਨਾਲ ਮਨੁੱਖੀ ਸੰਵੇਦਨਾਵਾਂ ਵੀ ਹੁੰਦੀਆਂ ਹਨ ਮਜ਼ਬੂਤ... |30-31





### ਯੂਪੀਆਈ ਸੇਵਾ ਮੁਫ਼ਤ ਰਹੇਗੀ ਜਾਰੀ...

ਆਮ ਉਪਭੋਗਤਾਵਾਂ ਅਤੇ ਪਰਸਨ-ਟੂ-ਪਰਸਨ (P2 P) ਲੈਣ-ਦੇਣ ਦੇ ਲਈ ਯੂਪੀਆਈ ਸੇਵਾਵਾਂ ਪੂਰੀ ਤਰ੍ਹਾਂ ਮੁਫ਼ਤ ਜਾਰੀ ਰਹਿਣਗੀਆਂ। ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਸਪਸ਼ਟ ਕੀਤਾ ਕਿ ਡਿਜੀਟਲ ਲੈਣ-ਦੇਣ 'ਤੇ ਮਰਚੈਂਟ ਡਿਸਕਾਊਂਟ ਰੇਟ (ਐੱਮਡੀਆਰ) ਵਪਾਰੀਆਂ 'ਤੇ ਲਾਗੂ ਹੁੰਦਾ ਹੈ, ਗ੍ਰਾਹਕਾਂ 'ਤੇ ਨਹੀਂ... |38




**ਸਮਾਚਾਰ ਸਾਰ** | 4-5

**ਸ਼ਖ਼ਸੀਅਤ: ਆਸ਼ਾ ਭੋਸਲੇ**
ਜਿਨ੍ਹਾਂ ਨੇ ਆਵਾਜ਼ ਦੇ ਦਮ 'ਤੇ ਕਰੋੜਾਂ ਦਿਲਾਂ 'ਤੇ ਕੀਤਾ ਰਾਜ | 6

**ਅਨੁਕੂਲ ਵਾਤਾਵਰਣ ਨਾਲ ਉਦਯੋਗਿਕ ਕ੍ਰਾਂਤੀ ਦੀ ਨਵੀਂ ਉਡਾਣ**
ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਂਧਰ ਪ੍ਰਦੇਸ਼ ਨੂੰ ਦਿੱਤੀਆਂ ਵਿਕਾਸ ਦੀਆਂ ਸੌਗਾਤਾਂ | 32-34

**ਗੁਵਾਹਾਟੀ-ਤੇਜ਼ਪੁਰ ਹਾਈਵੇਅ ਅਤੇ ਗੋਬਰਧਨ ਯੋਜਨਾ ਨੂੰ ਮਨਜ਼ੂਰੀ**
ਕੇਂਦਰੀ ਕੈਬਨਿਟ ਦੇ ਫ਼ੈਸਲੇ | 35

**'ਯੁਵਾ' ਹਰ ਫ਼ੈਸਲੇ ਦਾ ਅਧਾਰ**
ਪ੍ਰਧਾਨ ਮੰਤਰੀ ਮੋਦੀ ਨੇ ਆਈਆਈਟੀ ਦਿੱਲੀ ਕਨਵੋਕੇਸ਼ਨ ਸਮਾਰੋਹ ਨੂੰ ਕੀਤਾ ਸੰਬੋਧਨ | 36-37

**ਵਿਕਸਿਤ ਭਾਰਤ ਦੇ ਲਈ ਜ਼ਰੂਰੀ, ਸਰੀਰਕ ਅਤੇ ਮਾਨਸਿਕ ਸਿਹਤ**
'ਨਸ਼ਾ ਮੁਕਤ ਯੁਵਾ- ਵਿਕਸਿਤ ਭਾਰਤ ਸੰਕਲਪ ਅਭਿਆਨ' ਦੀ ਸ਼ੁਰੂਆਤ | 39

**ਆਉਣ ਵਾਲੀਆਂ ਪੀੜ੍ਹੀਆਂ ਨੂੰ ਪ੍ਰੇਰਣਾ ਦਾ ਮੰਤਰ... ਜਿੱਤ**
ਕੌਮਨਵੈਲਥ ਗੇਮਸ ਮੈਡਲ ਜੇਤੂਆਂ ਨਾਲ ਪ੍ਰਧਾਨ ਮੰਤਰੀ ਮੋਦੀ ਦਾ ਸੰਵਾਦ | 40-41

**ਭਾਰਤੀ ਲੋਕਤੰਤਰ ਅਤੇ ਸਮਾਜ ਦੇ ਲਈ ਵਿਰਾਸਤ**
ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਸਵੈ ਜੀਵਨੀ ਦਾ ਉਦਘਾਟਨ | 42


**ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦਾ ਰਾਸ਼ਟਰ ਦੇ ਨਾਮ ਸੰਦੇਸ਼**



### ਵਿਕਸਿਤ ਭਾਰਤ...
ਅਸਲ ਟੀਚਾ ਵਿਕਾਸ ਅਤੇ ਭਲਾਈ

ਦੇਸ਼ ਦੇ 80ਵੇਂ ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰ ਦੇ ਨਾਮ ਸੰਦੇਸ਼ ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਦੇਸ਼ ਵਾਸੀਆਂ ਨੂੰ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਅਤੇ ਮੂਲ ਕਰਤੱਵਾਂ ਦੀ ਪਾਲਣਾ ਕਰਨ ਦਾ ਦਿੱਤਾ ਸੱਦਾ.... |7-9


**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ** –responsenis@pib.gov.in **ਆਰ.ਐੱਨ.ਆਈ. ਨੰਬਰ** DELPUN/2020/78808

# ਸੰਪਾਦਕ ਦੀ ਕਲਮ ਤੋਂ...

# ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਮੋਦੀ ਦਾ ਸੱਦਾ

## ਸਪਤ ਧਾਰਾ ਅਤੇ ਵਿਕਸਿਤ ਭਾਰਤ ਦੀ ਗੱਲ, ਨੌਜਵਾਨਾਂ ਨੂੰ ਮੁਫ਼ਤ ਕੋਚਿੰਗ ਦੀਆਂ ਸੌਗਾਤਾਂ

ਵੰਦੇ ਮਾਤਰਮ।

ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ 13ਵਾਂ ਸੰਬੋਧਨ ਇੱਕ ਇਤਿਹਾਸਕ ਪਲ ਦਾ ਗਵਾਹ ਬਣਿਆ। ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਲਾਲ ਕਿਲ੍ਹੇ 'ਤੇ ਵੰਦੇ ਮਾਤਰਮ ਦੀ ਗੂੰਜ ਸੁਣਾਈ ਦਿੱਤੀ। ਲਾਲ ਕਿਲ੍ਹੇ ਤੋਂ ਪ੍ਰਧਾਨ ਮੰਤਰੀ ਨੇ ਸਪਸ਼ਟ ਸ਼ਬਦਾਂ ਵਿੱਚ ਕਿਹਾ ਕਿ 2047 ਤੱਕ ਭਾਰਤ ਵਿਕਸਿਤ ਰਾਸ਼ਟਰ ਬਣ ਕੇ ਰਹੇਗਾ। ਇਸ ਦੇ ਲਈ ਦੇਸ਼ ਨੇ ਮੈਨੂਫੈਕਚਰਿੰਗ, ਡਿਜੀਟਲ ਲੈਣ-ਦੇਣ ਅਤੇ ਆਧੁਨਿਕ ਇਨਫ੍ਰਾਸਟ੍ਰਕਚਰ ਦੇ ਖੇਤਰ ਵਿੱਚ ਸ਼ਾਨਦਾਰ ਤਰੱਕੀ ਕੀਤੀ ਹੈ। ਹਾਈਡ੍ਰੋਜਨ ਨਾਲ ਚੱਲਣ ਵਾਲੀ ਪਹਿਲੀ ਟ੍ਰੇਨ ਦੀ ਸ਼ੁਰੂਆਤ ਅਤੇ ਪਰਮਾਣੂ ਊਰਜਾ ਵਿੱਚ ਆਤਮ-ਨਿਰਭਰਤਾ ਦੀ ਦਿਸ਼ਾ ਵਿੱਚ ਚੁੱਕੇ ਜਾ ਰਹੇ ਕਦਮ ਇਸ ਗੱਲ ਦਾ ਸਬੂਤ ਹਨ।

ਇਸ ਸੰਬੋਧਨ ਦਾ ਕੇਂਦਰੀ ਸੰਦੇਸ਼ ਸਪਤ ਧਾਰਾ ਦਾ ਸੱਦਾ ਰਿਹਾ, ਜਿਸ ਵਿੱਚ ਰਾਸ਼ਟਰ ਨਿਰਮਾਣ ਦੀਆਂ ਸੱਤ ਸ਼ਕਤੀਆਂ ਨੂੰ ਰੇਖਾਂਕਿਤ ਕੀਤਾ ਗਿਆ-ਮੈਨੂਫੈਕਚਰਿੰਗ ਪਾਵਰ, ਖੇਤੀਬਾੜੀ ਅਤੇ ਫੂਡ ਪ੍ਰੋਡਕਸ਼ਨ, ਤਕਨਾਲੋਜੀ ਅਤੇ ਇਨੋਵੇਸ਼ਨ, ਗਤੀ ਸ਼ਕਤੀ, ਰੱਖਿਆ ਸ਼ਕਤੀ, ਗ੍ਰੀਨ ਐਂਡ ਬਲੂ ਇਕੌਨਮੀ ਅਤੇ ਭਾਰਤ ਦੀ ਸੌਫਟ ਪਾਵਰ। ਇਹ ਸੱਤ ਸ਼ਕਤੀਆਂ ਮਿਲ ਕੇ ਵਿਕਸਿਤ ਭਾਰਤ ਦੇ ਸੰਕਲਪ ਨੂੰ ਗਤੀ ਦੇਣਗੀਆਂ।


ਨੌਜਵਾਨਾਂ ਨੂੰ ਇਸ ਯਾਤਰਾ ਦਾ ਸਾਰਥੀ ਦੱਸਦੇ ਹੋਏ ਪ੍ਰਧਾਨ ਮੰਤਰੀ ਨੇ ਆਉਣ ਵਾਲੇ ਸਾਲ ਵਿੱਚ 1 ਕਰੋੜ ਨੌਜਵਾਨਾਂ ਨੂੰ ਏਆਈ (AI) ਸਕਿੱਲਜ਼ ਵਿੱਚ ਸਿਖਲਾਈ ਦੇਣ ਦਾ ਟੀਚਾ ਰੱਖਿਆ। ਨਾਲ ਹੀ ਵੱਖ-ਵੱਖ ਪ੍ਰੀਖਿਆਵਾਂ ਲਈ ਮੁਫ਼ਤ ਔਨਲਾਈਨ ਕੋਚਿੰਗ ਉਪਲਬਧ ਕਰਵਾਉਣ ਦਾ ਵੀ ਸੱਦਾ ਦਿੱਤਾ। ਸਾਲ 2030 ਵਿੱਚ ਕੌਮਨਵੈਲਥ ਗੇਮਜ਼ ਦੀ ਮੇਜ਼ਬਾਨੀ ਭਾਰਤ ਦੇ ਵਧਦੇ ਖੇਡ ਅਤੇ ਨੌਜਵਾਨਾਂ ਦੀ ਸਮਰੱਥਾ ਦਾ ਪ੍ਰਮਾਣ ਹੈ।

ਨਸ਼ਾ ਮੁਕਤ ਭਾਰਤ ਦੇ ਲਈ 100 ਹਫ਼ਤਿਆਂ ਦਾ ਵਿਸ਼ੇਸ਼ ਅਭਿਆਨ, ਨਕਸਲਵਾਦ ਦੀਆਂ ਵਿਚਾਰਕ ਜੜ੍ਹਾਂ ਨੂੰ ਅਲੱਗ-ਥਲੱਗ ਕਰਨ ਦੀ ਰਣਨੀਤੀ ਅਤੇ ਸਿਵਿਲ ਡਿਫੈਂਸ ਦੇ ਮਜ਼ਬੂਤ ਨੈੱਟਵਰਕ ਦੀ ਪਰਿਕਲਪਨਾ, ਇਹ ਸਾਰੇ ਇੱਕ ਸੁਰੱਖਿਅਤ ਅਤੇ ਅਨੁਸ਼ਾਸਿਤ ਸਮਾਜ ਦੀ ਨੀਂਹ ਰੱਖਣਗੇ। ਨਾਰੀ ਸ਼ਕਤੀ ਵੰਦਨ ਅਧਿਨਿਯਮ' ਨੂੰ ਜਲਦੀ ਲਾਗੂ ਕਰਨ ਦੇ ਲਈ ਸਾਰੀਆਂ ਰਾਜਨੀਤਕ ਪਾਰਟੀਆਂ ਤੋਂ ਸਹਿਯੋਗ ਦੀ ਅਪੀਲ ਕੀਤੀ ਗਈ, ਜੋ ਮਹਿਲਾ ਸਸ਼ਕਤੀਕਰਣ ਦੇ ਪ੍ਰਤੀ ਸਰਕਾਰ ਦੀ ਵਚਨਬੱਧਤਾ ਨੂੰ ਦਰਸਾਉਂਦੀ ਹੈ। ਜਨਗਣਨਾ ਵਿੱਚ ਸਹੀ ਜਾਣਕਾਰੀ ਭਰਨ ਦਾ ਸੱਦਾ ਅਤੇ ਪੰਚਪ੍ਰਣ ਦੇ ਮੁੜ ਦੁਹਰਾਓ ਨੇ ਨਾਗਰਿਕਾਂ ਨੂੰ ਕਰਤੱਵ ਬੋਧ ਨਾਲ ਜੋੜਿਆ। ਕੁੱਲ ਮਿਲਾ ਕੇ, ਇਹ ਸੰਬੋਧਨ ਸੰਕਲਪ, ਸਮਰਪਣ ਅਤੇ ਸਮੂਹਿਕ ਯਤਨਾਂ ਦਾ ਸੱਦਾ ਹੈ ਅਤੇ ਇਹ ਹੀ ਇਸ ਵਾਰ ਦੇ ਸਾਡੇ ਅੰਕ ਦੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖਸੀਅਤ ਦੀ ਕੜੀ ਵਿੱਚ ਆਪਣੀ ਆਵਾਜ਼ ਦੇ ਦਮ 'ਤੇ ਕਰੋੜਾਂ ਦਿਲਾਂ 'ਤੇ ਰਾਜ ਕਰਨ ਵਾਲੀ ਆਸ਼ਾ ਭੋਸਲੇ, ਕੇਂਦਰੀ ਕੈਬਨਿਟ ਦੇ ਫ਼ੈਸਲਿਆਂ ਸਮੇਤ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪੰਦਰਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ 'ਤੇ 15 ਅਗਸਤ ਨੂੰ ਸੁਤੰਤਰਤਾ ਦਿਵਸ 'ਤੇ ਲਾਲ ਕਿਲ੍ਹੇ ਦੀ ਫ਼ਸੀਲ ਅਤੇ ਸਾਹਮਣੇ ਬੈਠੇ ਵਿਕਸਿਤ ਭਾਰਤ ਦੇ ਸਾਰਥੀਆਂ ਦੀਆਂ ਝਾਕੀਆਂ ਅਤੇ ਬੈਕ ਕਵਰ 'ਤੇ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ "ਸਾਰਨਾਥ ਦੇ ਪ੍ਰਾਚੀਨ ਬੁੱਧ ਸਥਾਨ" 'ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।



(ਧੀਰੇਂਦਰ ਓਝਾ)

**ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।**
**https://newindiasamachar.pib.gov.in/news.aspx**

# ਆਪਕੀ ਬਾਤ...




## ਗਿਆਨਵਰਧਕ, ਭਰੋਸੇਯੋਗ ਅਤੇ ਉਪਯੋਗੀ ਪੱਤ੍ਰਿਕਾ

'ਨਿਊ ਇੰਡੀਆ ਸਮਾਚਾਰ' ਗਿਆਨਵਰਧਕ, ਭਰੋਸੇਯੋਗ ਅਤੇ ਉਪਯੋਗੀ ਪੱਤ੍ਰਿਕਾ ਹੈ। ਇਸ ਨਾਲ ਮੈਨੂੰ ਯੂਪੀਐੱਸਸੀ ਦੀ ਤਿਆਰੀ ਵਿੱਚ ਬਹੁਤ ਮਦਦ ਮਿਲ ਰਹੀ ਹੈ। ਵਿਸ਼ੇਸ਼ ਤੌਰ 'ਤੇ ਵੱਖ-ਵੱਖ ਸਰਕਾਰੀ ਯੋਜਨਾਵਾਂ 'ਤੇ ਇੱਕ ਸੰਤੁਲਿਤ ਦ੍ਰਿਸ਼ਟੀਕੋਣ ਅਤੇ ਸਮਝ ਵਿਕਸਿਤ ਕਰਨ ਵਿੱਚ ਬਹੁਤ ਮਦਦਗਾਰ ਹੈ। ਮੇਰੀ ਤਰਫ਼ ਤੋਂ ਪੂਰੀ 'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਦੀ ਟੀਮ ਦਾ ਬਹੁਤ-ਬਹੁਤ ਧੰਨਵਾਦ।


**ਪ੍ਰਿੰਸ ਕੁਮਾਰ ਸਿੰਘ**

ps0488034@gmail.com


## ਪ੍ਰੀਖਿਆ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨੂੰ ਮਿਲਦੀ ਹੈ ਤੱਥਪੂਰਨ ਜਾਣਕਾਰੀ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਲੇਖ ਸਰਲ ਭਾਸ਼ਾ ਵਿੱਚ ਉਪਯੋਗੀ ਜਾਣਕਾਰੀ ਦਿੰਦੇ ਹਨ। ਇਹ ਪੱਤ੍ਰਿਕਾ ਭਾਰਤ ਦੇ ਵਿਕਾਸ ਦੇ ਵੱਖ-ਵੱਖ ਪਹਿਲੂਆਂ ਨੂੰ ਸਮਝਣ ਵਿੱਚ ਮਦਦ ਕਰਦੀ ਹੈ। ਪੱਤ੍ਰਿਕਾ ਜਾਣਕਾਰੀ ਦੇਣ ਅਤੇ ਪੜ੍ਹਨ ਵਿੱਚ ਅਸਾਨ ਹੈ। ਇਸ ਤੋਂ ਇਲਾਵਾ, ਨਿਊ ਇੰਡੀਆ ਸਮਾਚਾਰ ਸਿਵਿਲ ਸਰਵਿਸਿਜ਼ ਅਤੇ ਦੂਜੇ ਪ੍ਰਤੀਯੋਗੀ ਇਮਤਿਹਾਨਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਦੇ ਲਈ ਪ੍ਰਮਾਣਿਕ ਜਾਣਕਾਰੀ ਦਾ ਇੱਕ ਵੈਲਿਊਏਬਲ ਸੋਰਸ ਹੈ। ਕੁੱਲ ਮਿਲਾ ਕੇ, ਇਹ ਪੱਤ੍ਰਿਕਾ ਨਾ ਸਿਰਫ਼ ਪਾਠਕਾਂ ਨੂੰ ਦੇਸ਼ ਦੀ ਤਰੱਕੀ ਦੱਸਦੀ ਹੈ, ਸਗੋਂ ਹਰ ਨਾਗਰਿਕ ਨੂੰ ਵਿਕਸਿਤ ਭਾਰਤ ਬਣਾਉਣ ਵਿੱਚ ਯੋਗਦਾਨ ਪਾਉਣ ਲਈ ਪ੍ਰੇਰਿਤ ਵੀ ਕਰਦੀ ਹੈ।


**ਆਸ਼ੀਸ਼ ਪ੍ਰਭਾਤ ਮਿਸ਼ਰਾ**

ashishprabhatmishra@gmail.com


## ਤਸਵੀਰਾਂ ਅਤੇ ਤੱਥਾਂ 'ਤੇ ਅਧਾਰਿਤ ਪੇਸ਼ਕਾਰੀ ਨੂੰ ਸਮਝਣ ਵਿੱਚ ਅਸਾਨੀ

ਮੈਨੂੰ ਨਿਊ ਇੰਡੀਆ ਸਮਾਚਾਰ ਦਾ 1-15 ਅਗਸਤ, 2026 ਦਾ ਅੰਕ ਪੜ੍ਹ ਕੇ ਬਹੁਤ ਗਿਆਨਵਰਧਕ ਲੱਗਿਆ ਖਾਸ ਕਰਕੇ ਕਵਰ ਸਟੋਰੀ। ਇਹ ਲੇਖ ਜਾਣਕਾਰੀ ਭਰਪੂਰ ਹੈ, ਪ੍ਰੇਰਨਾ ਦੇਣ ਵਾਲਾ ਹੈ ਅਤੇ ਬਹੁਤ ਵਧੀਆ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਇਹ ਇਨਫ੍ਰਾਸਟ੍ਰਕਚਰ, ਤਕਨਾਲੋਜੀ, ਸਿੱਖਿਆ, ਹੈਲਥਕੇਅਰ, ਖੇਤੀਬਾੜੀ ਅਤੇ ਸਮਾਜਿਕ ਭਲਾਈ ਵਰਗੇ ਖੇਤਰਾਂ ਵਿੱਚ ਭਾਰਤ ਦੀ ਵਿਕਾਸ ਯਾਤਰਾ ਨੂੰ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਦਿਖਾਉਂਦਾ ਹੈ। ਨਾਲ ਹੀ ਵਿਕਸਿਤ ਭਾਰਤ ਦੇ ਵਿਜ਼ਨ ਨੂੰ ਵੀ ਮਜ਼ਬੂਤ ਕਰਦਾ ਹੈ। ਤਸਵੀਰਾਂ ਅਤੇ ਤੱਥਾਂ 'ਤੇ ਅਧਾਰਿਤ ਪੇਸ਼ਕਾਰੀ, ਲੇਖ ਨੂੰ ਦਿਲਚਸਪ ਅਤੇ ਸਮਝਣ ਵਿੱਚ ਅਸਾਨ ਬਣਾਉਂਦੀ ਹੈ।


**ਵਡਾਵੱਲੀ ਸ਼੍ਰੀਧਰ**

vsdhar121@gmail.com


## ਪਹਿਲਕਦਮੀਆਂ, ਪਬਲਿਕ ਪੌਲਿਸੀ ਅਤੇ ਕਰੰਟ ਅਫ਼ੇਅਰਜ਼ ਲਈ ਚੰਗੀ ਜਾਣਕਾਰੀ

ਮੈਂ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਦਾ ਨਿਯਮਿਤ ਪਾਠਕ ਹਾਂ। ਮੈਨੂੰ ਇਹ ਬਹੁਤ ਵਧੀਆ ਜਾਣਕਾਰੀ ਦੇਣ ਵਾਲੀ ਲੱਗਦੀ ਹੈ। ਇਸ ਵਿੱਚ ਖ਼ਾਸ ਕਰਕੇ ਭਾਰਤ ਸਰਕਾਰ ਦੀਆਂ ਪਹਿਲਕਦਮੀਆਂ, ਪਬਲਿਕ ਪੌਲਿਸੀਆਂ ਅਤੇ ਕਰੰਟ ਅਫ਼ੇਅਰਜ਼ ਨੂੰ ਸਮਝਣ ਦੇ ਲਈ ਚੰਗੀ ਜਾਣਕਾਰੀ ਹੁੰਦੀ ਹੈ।


**ਹਰਸ਼ਦ ਮਕਵਾਨਾ**

harshmak161184@gmail.com


## ਗਿਆਨ ਅਤੇ ਹੁਨਰ ਵਿਕਾਸ ਵਿੱਚ ਮਿਲਦੀ ਹੈ ਮਦਦ

ਮੈਂ ਨਿਯਮਿਤ ਰੂਪ ਨਾਲ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹਦਾ ਹਾਂ। ਇਹ ਗਿਆਨਵਰਧਕ ਹੈ। ਸਰਕਾਰ ਦੀਆਂ ਵਿਕਾਸ ਗਤੀਵਿਧੀਆਂ ਦੇ ਬਾਰੇ ਜਾਣਕਾਰੀ ਦਿੰਦੀ ਹੈ। ਇਹ ਮੇਰੇ ਨਿਜੀ ਵਿਕਾਸ, ਗਿਆਨ ਅਤੇ ਹੁਨਰ ਵਿਕਾਸ ਵਿੱਚ ਵੀ ਮਦਦ ਕਰਦੀ ਹੈ। ਮੈਨੂੰ ਇਸ ਪੱਤ੍ਰਿਕਾ ਨੂੰ ਪੜ੍ਹਨਾ ਅਤੇ ਇਸ ਤੋਂ ਸਿੱਖਣਾ ਦੋਵੇਂ ਪਸੰਦ ਹਨ।


**ਭਾਸਕਰ ਸਿੰਘ ਮਹਿਰ**

bhaskarmahar65@gmail.com



ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003

**ਈਮੇਲ- response-nis@pib.gov.in**

ਸਮਾਚਾਰ ਸਾਰ




## ਸਰਕਾਰੀ ਦਫ਼ਤਰਾਂ ਦੇ ਚੱਕਰਾਂ ਅਤੇ ਲੰਬੀਆਂ ਲਾਈਨਾਂ ਤੋਂ ਮੁਕਤੀ

# ਉਮੰਗ ਐਪ 'ਤੇ 2,575 ਸੇਵਾਵਾਂ, ਡਿਜੀਲੌਕਰ ਦੇ 72 ਕਰੋੜ ਯੂਜ਼ਰ

ਭਾਰਤ ਸਰਕਾਰ ਦੇ ਡਿਜੀਟਲ ਇੰਡੀਆ ਅਤੇ ਡਿਜੀਟਲ ਸੇਵਾਵਾਂ ਨਾਲ ਆਮ ਲੋਕਾਂ ਦੇ ਜੁੜਨ ਦਾ ਹੀ ਨਤੀਜਾ ਹੈ ਕਿ ਹੁਣ ਲੋਕਾਂ ਨੂੰ ਸਰਕਾਰੀ ਦਫ਼ਤਰਾਂ ਦੇ ਚੱਕਰ ਨਹੀਂ ਲਗਾਉਣੇ ਪੈਂਦੇ। ਘਰ ਬੈਠੇ ਡਿਜੀਟਲ ਸੇਵਾਵਾਂ ਅਸਾਨੀ ਨਾਲ ਉਪਲਬਧ ਹੋ ਰਹੀਆਂ ਹਨ। ਅੱਜ ਆਧਾਰ, ਉਮੰਗ, ਡਿਜੀਲੌਕਰ, ਕੌਮਨ ਸਰਵਿਸ ਸੈਂਟਰ, ਈ-ਸੰਜੀਵਨੀ ਵਰਗੀਆਂ ਸੇਵਾਵਾਂ ਲੋਕ ਅਸਾਨੀ ਨਾਲ ਲੈ ਪਾ ਰਹੇ ਹਨ।

ਇਲੈਕਟ੍ਰੌਨਿਕਸ ਅਤੇ ਸੂਚਨਾ ਤਕਨਾਲੋਜੀ ਮੰਤਰਾਲੇ ਦੇ ਅਨੁਸਾਰ ਦੇਸ਼ ਵਿੱਚ ਇੰਟਰਨੈੱਟ ਗ੍ਰਾਹਕਾਂ ਦੀ ਗਿਣਤੀ 109 ਕਰੋੜ ਤੋਂ ਵੱਧ ਹੋ ਗਈ ਹੈ, ਜਦੋਂ ਕਿ ਆਧਾਰ ਸੰਖਿਆ 144 ਕਰੋੜ ਤੋਂ ਵੱਧ ਜੈਨਰੇਟ ਹੋ ਚੁੱਕੀ ਹੈ। ਡਿਜੀਲੌਕਰ ਪਲੈਟਫਾਰਮ 'ਤੇ 71.66 ਕਰੋੜ ਤੋਂ ਵੱਧ ਰਜਿਸਟਰਡ ਉਪਭੋਗਤਾ ਹਨ, ਜਿਨ੍ਹਾਂ ਵਿੱਚ 2,822 ਰਜਿਸਟਰਡ ਜਾਰੀ ਕਰਤਾਵਾਂ ਦੁਆਰਾ ਜਾਰੀ ਕੀਤੇ ਗਏ 936.03 ਕਰੋੜ ਤੋਂ ਵੱਧ ਦਸਤਾਵੇਜ਼ ਉਪਲਬਧ ਹਨ। ਯੂਨੀਫਾਈਡ ਮੋਬਾਈਲ ਐਪਲੀਕੇਸ਼ਨ ਫਾਰ ਨਿਊ-ਏਜ ਗਵਰਨੈਂਸ (ਉਮੰਗ) ਐਪ 'ਤੇ 2,575 ਸਰਕਾਰੀ ਸੇਵਾਵਾਂ ਨਾਗਰਿਕਾਂ ਨੂੰ ਦਿੱਤੀਆਂ ਜਾ ਰਹੀਆਂ ਹਨ।

## ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ

# 51 ਲੱਖ ਤੋਂ ਵੱਧ ਪਰਿਵਾਰਾਂ ਨੂੰ ਲਾਭ 28.4 ਲੱਖ ਖੇਤੀਬਾੜੀ ਪੰਪਾਂ ਦਾ ਸੋਲਰਾਈਜ਼ੇਸ਼ਨ

ਅਖੁੱਟ ਊਰਜਾ ਨੂੰ ਉਤਸ਼ਾਹ ਦੇਣ ਦੇ ਲਈ ਕੇਂਦਰ ਸਰਕਾਰ ਨੇ ਕਈ ਯੋਜਨਾਵਾਂ ਚਲਾਈਆਂ ਹਨ। ਇਸੇ ਕੜੀ ਵਿੱਚ ਫ਼ਰਵਰੀ 2024 ਵਿੱਚ ਸ਼ੁਰੂ ਕੀਤੀ ਗਈ ਪੀਐੱਮ ਸੂਰਯ ਘਰ ਮੁਫ਼ਤ ਬਿਜਲੀ ਯੋਜਨਾ ਵਿੱਚ 10 ਅਗਸਤ ਤੱਕ 51.27 ਲੱਖ ਤੋਂ ਵੱਧ ਪਰਿਵਾਰਾਂ ਨੇ ਇਸ ਦਾ ਲਾਭ ਚੁੱਕਿਆ ਹੈ। ਯੋਜਨਾ ਦੇ ਤਹਿਤ 41.76 ਲੱਖ ਰੂਫਟੌਪ ਪਲਾਂਟ ਲਗਾਏ ਗਏ ਹਨ। ਇਨ੍ਹਾਂ ਪਰਿਵਾਰਾਂ ਨੂੰ 28 ਹਜ਼ਾਰ ਕਰੋੜ ਰੁਪਏ ਤੋਂ ਵੱਧ ਦੀ ਰਾਸ਼ੀ ਸਬਸਿਡੀ ਦੇ ਤੌਰ 'ਤੇ ਦਿੱਤੀ ਜਾ ਚੁੱਕੀ ਹੈ। ਇਸ ਯੋਜਨਾ ਦਾ ਟੀਚਾ ਇੱਕ ਕਰੋੜ ਘਰਾਂ ਵਿੱਚ ਰੂਫਟੌਪ ਸੌਲਰ ਪਲਾਂਟਾਂ ਦੀ ਸਥਾਪਨਾ ਕਰਨਾ ਹੈ ਜਿਸ ਦੇ ਲਈ 75 ਹਜ਼ਾਰ ਕਰੋੜ ਰੁਪਏ ਦੇ ਖਰਚ ਦਾ ਪ੍ਰਸਤਾਵ ਰੱਖਿਆ ਗਿਆ ਹੈ। ਦੇਸ਼ ਵਿੱਚ ਸੌਰ ਊਰਜਾ ਨੂੰ ਹੁਲਾਰਾ ਦੇਣ ਦੇ ਲਈ ਚਲਾਈ ਜਾ ਰਹੀ ਪੀਐੱਮ ਕੁਸੁਮ ਯੋਜਨਾ ਦੇ ਤਹਿਤ 31 ਜੁਲਾਈ 2026 ਤੱਕ 28.4 ਲੱਖ ਸਿੰਚਾਈ ਪੰਪਾਂ ਦਾ ਸੋਲਰਾਈਜ਼ੇਸ਼ਨ ਪੂਰਾ ਕਰ ਲਿਆ ਗਿਆ ਹੈ।



# ਭਾਰਤ ਦੀ 101ਵੀਂ ਰਾਮਸਰ ਸਾਈਟ

## ਅਰੁਣਾਚਲ ਪ੍ਰਦੇਸ਼ ਦੀ 'ਗਲਾਵ ਝੀਲ'

ਵਾਤਾਵਰਣ ਸੁਰੱਖਿਆ, ਜੈਵ ਵਿਭਿੰਨਤਾ ਸੰਭਾਲ ਅਤੇ ਟਿਕਾਊ ਵਿਕਾਸ ਦੇ ਪ੍ਰਤੀ ਕੇਂਦਰ ਸਰਕਾਰ ਦੀ ਵਚਨਬੱਧਤਾ ਦਾ ਨਤੀਜਾ ਹੈ ਕਿ ਅਰੁਣਾਚਲ ਪ੍ਰਦੇਸ਼ ਦੀ ਗਲਾਵ ਝੀਲ ਨੂੰ ਪ੍ਰਦੇਸ਼ ਦੀ ਪਹਿਲੀ ਜਦੋਂ ਕਿ ਭਾਰਤ ਨੂੰ ਦੇਸ਼ ਦੀ 101ਵੀਂ ਰਾਮਸਰ ਸਾਈਟ ਐਲਾਨ ਕੀਤਾ ਗਿਆ ਹੈ। ਸਾਲ 2014 ਵਿੱਚ ਦੇਸ਼ ਵਿੱਚ ਸਿਰਫ਼ 26 ਰਾਮਸਰ ਸਾਈਟਾਂ ਸਨ, ਜੋ ਸਿਰਫ਼ 12 ਵਰ੍ਹਿਆਂ ਵਿੱਚ ਵਧ ਕੇ 101 ਹੋ ਗਈਆਂ ਹਨ।



ਕਮਲਾਂਗ ਟਾਈਗਰ ਰਿਜ਼ਰਵ ਅਤੇ ਵਾਈਲਡ ਲਾਈਫ ਸੈਂਕਚੁਰੀ ਦੇ ਤਹਿਤ ਸਥਿਤ ਗਲਾਵ ਝੀਲ ਪੂਰਬੀ ਹਿਮਾਲਿਆ ਵਿੱਚ ਇੱਕ ਸਾਫ਼ ਮਿੱਠੇ ਪਾਣੀ ਦੀ ਝੀਲ ਹੈ ਅਤੇ ਜੈਵ ਵਿਭਿੰਨਤਾ ਦਾ ਇੱਕ ਪ੍ਰਮੁੱਖ ਕੇਂਦਰ ਹੈ। ਇਹ ਝੀਲ ਬਾਰਹਮਾਸੀ ਪਹਾੜੀ ਧਾਰਾਵਾਂ ਤੋਂ ਪੋਸ਼ਿਤ ਹੁੰਦੀ ਹੈ ਅਤੇ ਚਾਰੇ ਪਾਸੇ ਤੋਂ ਘਣੇ ਜੰਗਲਾਂ ਅਤੇ ਜੀਵ-ਜੰਤੂਆਂ ਨਾਲ ਘਿਰੀ ਹੋਈ ਹੈ। ਇਸ ਵੈੱਟਲੈਂਡ 'ਤੇ ਰੁੱਖਾਂ ਦੀਆਂ 150 ਤੋਂ ਵੱਧ ਅਤੇ ਆਰਕਿਡ ਦੀਆਂ 49 ਪ੍ਰਜਾਤੀਆਂ ਹਨ।



## ਸਾਈਬਰ ਅਪਰਾਧ 'ਤੇ ਨਕੇਲ

# ਸਰਕਾਰ ਨੇ 3,700 ਤੋਂ ਜ਼ਿਆਦਾ ਭਰਮਾਊ ਅਤੇ ਫ਼ਰਜ਼ੀ ਐਪ ਕੀਤੇ ਬਲੌਕ

ਭਾਰਤੀ ਸਾਈਬਰ ਅਪਰਾਧ ਤਾਲਮੇਲ ਕੇਂਦਰ (I4C) ਨੇ ਨਾਗਰਿਕਾਂ ਦੀ ਸੁਵਿਧਾ ਦੇ ਲਈ ਨੈਸ਼ਨਲ ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ **(cyber-crime.gov.in)** ਸ਼ੁਰੂ ਕੀਤਾ ਹੈ। ਇਸ ਦੇ ਨਾਲ ਹੀ, ਆਈਟੀ ਐਕਟ 2000 ਦੇ ਤਹਿਤ ਕਾਰਵਾਈ ਕਰਦੇ ਹੋਏ ਫ਼ਰਜ਼ੀ ਲੋਨ ਐਪ ਸਮੇਤ ਕੁੱਲ 3,718 ਧੋਖਾਧੜੀ ਵਾਲੇ ਮੋਬਾਈਲ ਐਪ ਨੂੰ ਬਲੌਕ ਕਰ ਦਿੱਤਾ ਗਿਆ ਹੈ।

ਲੋਕ ਸਭਾ ਵਿੱਚ ਦਿੱਤੀ ਗਈ ਜਾਣਕਾਰੀ ਦੇ ਅਨੁਸਾਰ, ਵਿੱਤੀ ਧੋਖਾਧੜੀ ਦੀ ਤੁਰੰਤ ਸ਼ਿਕਾਇਤ ਦਰਜ ਕਰਨ ਅਤੇ ਠੱਗੀ ਦੀ ਰਕਮ ਨੂੰ ਫਸਣ ਤੋਂ ਬਚਾਉਣ ਦੇ ਲਈ ਸਾਲ 2021 ਵਿੱਚ 'ਨਾਗਰਿਕ ਵਿੱਤੀ ਸਾਈਬਰ ਧੋਖਾਧੜੀ ਰਿਪੋਰਟਿੰਗ ਅਤੇ ਪ੍ਰਬੰਧਨ ਪ੍ਰਣਾਲੀ' ਸ਼ੁਰੂ ਕੀਤੀ ਗਈ ਸੀ। ਇਸ ਸਿਸਟਮ ਨਾਲ 30 ਜੂਨ, 2024 ਤੱਕ 32.80 ਲੱਖ ਤੋਂ ਵੱਧ ਸ਼ਿਕਾਇਤਾਂ ਵਿੱਚ 11,158 ਕਰੋੜ ਰੁਪਏ ਤੋਂ ਵੱਧ ਦੀ ਵਿੱਤੀ ਰਕਮ ਬਚਾਈ ਗਈ ਹੈ। 30 ਜੂਨ, 2026 ਤੱਕ, ਸਰਕਾਰ ਦੁਆਰਾ 15.75 ਲੱਖ ਤੋਂ ਵੱਧ ਸਿਮ ਕਾਰਡ ਅਤੇ 5.77 ਲੱਖ ਆਈਐੱਮਈਆਈ (IMEI) ਨੰਬਰ ਬਲੌਕ ਕੀਤੇ ਗਏ ਹਨ।







## ਜੀਆਈ ਟੈਗ ਵਾਲਾ ਮਿਥਿਲਾ ਮਖਾਨਾ ਪਹੁੰਚਿਆ ਆਸਟ੍ਰੇਲੀਆ

ਬਿਹਾਰ ਦੇ ਦਰਭੰਗਾ ਜ਼ਿਲ੍ਹੇ ਦੇ ਕਿਸਾਨਾਂ ਤੋਂ ਸਿੱਧੇ ਖਰੀਦੇ ਗਏ 18 ਮੀਟ੍ਰਿਕ ਟਨ ਜੀਆਈ (GI) ਟੈਗ ਵਾਲੇ ਮਿਥਿਲਾ ਮਖਾਨੇ ਦੀ ਪਹਿਲੀ ਵਪਾਰਕ ਖੇਪ ਸਮੁੰਦਰੀ ਮਾਰਗ ਰਾਹੀਂ ਆਸਟ੍ਰੇਲੀਆ ਭੇਜੀ ਗਈ ਹੈ। APEDA ਦੇ ਸਹਿਯੋਗ ਨਾਲ ਸ਼ੁਰੂ ਹੋਏ ਇਸ ਨਿਰਯਾਤ ਨਾਲ ਕਿਸਾਨਾਂ ਨੂੰ ਬਜ਼ਾਰ ਮੁੱਲ ਤੋਂ ਲਗਭਗ 18% ਵੱਧ ਲਾਭ ਮਿਲ ਰਿਹਾ ਹੈ। ਦਰਭੰਗਾ ਜ਼ਿਲ੍ਹੇ ਦੇ ਮਖਾਨਾ ਉਤਪਾਦਕਾਂ ਤੋਂ ਪ੍ਰਾਪਤ ਇਸ ਖੇਪ ਨਾਲ ਬਿਹਾਰ ਦੇ ਪ੍ਰਮੁੱਖ ਜੀਆਈ ਉਤਪਾਦ ਦੀ ਅੰਤਰਰਾਸ਼ਟਰੀ ਮੌਜੂਦਗੀ ਮਜ਼ਬੂਤ ਹੋਵੇਗੀ। ਕਿਸਾਨਾਂ ਨੂੰ ਆਮਦਨ ਦੇ ਬਿਹਤਰ ਮੌਕੇ ਮਿਲਣਗੇ।

ਭਾਰਤ ਦੇ ਮਖਾਨਾ ਉਤਪਾਦਨ ਵਿੱਚ ਬਿਹਾਰ ਦੀ ਹਿੱਸੇਦਾਰੀ ਲਗਭਗ 85 ਪ੍ਰਤੀਸ਼ਤ ਹੈ। ਇਸ ਖੇਤਰ ਨੂੰ ਹੋਰ ਮਜ਼ਬੂਤ ਕਰਨ ਦੇ ਲਈ ਜੁਲਾਈ 2025 ਤੋਂ ਮਖਾਨੇ ਦੇ ਲਈ ਇੱਕ ਵੱਖਰਾ ਐੱਚਐੱਸ (HS) ਕੋਡ ਪ੍ਰਦਾਨ ਕੀਤਾ ਗਿਆ ਸੀ। ਵਿੱਤੀ ਵਰ੍ਹੇ 2025-26 ਦੇ ਦੌਰਾਨ ਭਾਰਤ ਨੇ ਅਮਰੀਕਾ, ਮੱਧ ਪੂਰਬ ਅਤੇ ਅਫ਼ਰੀਕਾ ਸਮੇਤ 20 ਤੋਂ ਵੱਧ ਅੰਤਰਰਾਸ਼ਟਰੀ ਮੰਜ਼ਿਲਾਂ ਨੂੰ 7,000 ਮੀਟ੍ਰਿਕ ਟਨ ਤੋਂ ਵੱਧ ਮਖਾਨਾ ਅਤੇ ਵੈਲਿਊ ਐਡਿਡ ਮਖਾਨਾ ਉਤਪਾਦਾਂ ਦਾ ਨਿਰਯਾਤ ਕੀਤਾ।



## ਹੁਣ ਚੰਡੀਗੜ੍ਹ ਅਤੇ ਦਾਦਰਾ ਅਤੇ ਨਗਰ ਹਵੇਲੀ ਵਿੱਚ ਈ-ਰੁਪੀ (e-RUPI) ਅਧਾਰਿਤ ਡੀਬੀਟੀ

ਪ੍ਰਧਾਨ ਮੰਤਰੀ ਗ਼ਰੀਬ ਕਲਿਆਣ ਅੰਨ ਯੋਜਨਾ ਦੀ ਸਬਸਿਡੀ ਹੁਣ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਅਤੇ ਦਾਦਰਾ ਅਤੇ ਨਗਰ ਹਵੇਲੀ ਵਿੱਚ ਈ-ਰੁਪੀ ਦੇ ਰੂਪ ਵਿੱਚ ਮਿਲੇਗੀ। ਈ-ਰੁਪੀ ਇੱਕ ਵਿਅਕਤੀ ਵਿਸ਼ੇਸ਼, ਇੱਥੋਂ ਤੱਕ ਕਿ ਉਦੇਸ਼ ਵਿਸ਼ੇਸ਼ ਡਿਜੀਟਲ ਵਾਊਚਰ ਹੈ। ਇਹ ਸਬਸਿਡੀ ਪੈਐੱਮਜੀਕੇਏਵਾਈ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਸਿੱਧੇ ਉਨ੍ਹਾਂ ਦੇ ਡਿਜੀਟਲ ਰੁਪੀ ਵਾਲੇਟ ਵਿੱਚ ਮਿਲੇਗੀ।

ਇਹ ਪੈਸਾ ਸਿਰਫ਼ ਸੂਚੀਬੱਧ ਦੁਕਾਨਦਾਰਾਂ ਤੋਂ ਅਨਾਜ ਖਰੀਦਣ ਦੇ ਲਈ ਇਸਤੇਮਾਲ ਕੀਤਾ ਜਾ ਸਕੇਗਾ। ਇਸ ਨਾਲ ਨਕਦ ਲੈਣ-ਦੇਣ, ਵਿਚੌਲਿਆਂ ਅਤੇ ਸਬਸਿਡੀ ਵਿੱਚ ਗੜਬੜੀ ਦੀ ਸੰਭਾਵਨਾ ਘੱਟ ਹੋਵੇਗੀ। ਸਰਕਾਰ ਲੈਣ-ਦੇਣ ਦੀ ਅਸਲ ਸਮੇਂ ਵਿੱਚ ਨਿਗਰਾਨੀ ਵੀ ਕਰ ਸਕੇਗੀ। ਪਹਿਲਾਂ ਇਸ ਦੀ ਵਰਤੋਂ ਗੁਜਰਾਤ ਅਤੇ ਪੁਡੂਚੇਰੀ ਵਿੱਚ ਕੀਤੀ ਗਈ ਸੀ। ▪



# ਜਿਨ੍ਹਾਂ ਨੇ ਆਵਾਜ਼ ਦੇ ਦਮ 'ਤੇ ਕਰੋੜਾਂ ਦਿਲਾਂ 'ਤੇ ਕੀਤਾ ਰਾਜ

*ਆਪਣੀ ਮਧੁਰ ਆਵਾਜ਼ ਅਤੇ ਅਦੁੱਤੀ ਪ੍ਰਤਿਭਾ ਦੇ ਦਮ 'ਤੇ ਆਸ਼ਾ ਭੋਸਲੇ ਨੇ ਭਾਰਤੀ ਸੰਗੀਤ ਨੂੰ ਹੋਰ ਸਮ੍ਰਿੱਧ ਕੀਤਾ। ਹਰ ਤਰ੍ਹਾਂ ਦੇ ਸੰਗੀਤ ਵਿੱਚ ਢਲ ਜਾਣ ਦੀ ਉਨ੍ਹਾਂ ਦੀ ਵਿਲੱਖਣ ਪ੍ਰਤਿਭਾ ਹਰ ਵਿਅਕਤੀ ਦਾ ਦਿਲ ਜਿੱਤ ਲੈਂਦੀ ਸੀ। ਆਸ਼ਾ ਭੋਸਲੇ ਨੇ ਹਿੰਦੀ, ਮਰਾਠੀ, ਬੰਗਾਲੀ, ਤਮਿਲ, ਗੁਜਰਾਤੀ ਸਮੇਤ ਅਨੇਕਾਂ ਭਾਸ਼ਾਵਾਂ ਦੇ ਨਾਲ-ਨਾਲ ਲੋਕ ਗੀਤਾਂ ਵਿੱਚ ਵੀ ਅਮਿੱਟ ਛਾਪ ਛੱਡੀ। ਉਨ੍ਹਾਂ ਦੀ ਬੇਮਿਸਾਲ ਆਵਾਜ਼ ਅਤੇ ਸੰਗੀਤ ਦੀ ਵਿਰਾਸਤ ਲੋਕਾਂ ਦੇ ਦਿਲਾਂ ਵਿੱਚ ਗੂੰਜਦੀ ਰਹੇਗੀ। ਉਨ੍ਹਾਂ ਦੀ ਇਹ ਕਲਾ ਆਉਣ ਵਾਲੀਆਂ ਪੀੜ੍ਹੀਆਂ ਨੂੰ ਕਰਦੀ ਰਹੇਗੀ ਪ੍ਰੇਰਿਤ...*







**ਜਨਮ** :8 ਸਤੰਬਰ 1933 ■ ਦੇਹਾਂਤ: 12 ਅਪ੍ਰੈਲ 2026

ਮਹਾਰਾਸ਼ਟਰ ਦੇ ਸਾਂਗਲੀ ਜ਼ਿਲ੍ਹੇ ਵਿੱਚ 8 ਸਤੰਬਰ 1933 ਨੂੰ ਇੱਕ ਮਰਾਠੀ ਪਰਿਵਾਰ ਵਿੱਚ ਜਨਮੀ ਆਸ਼ਾ ਭੋਸਲੇ ਦੀ ਆਵਾਜ਼ ਵਿੱਚ ਸਿਰਫ਼ ਸੁਰ ਹੀ ਨਹੀਂ ਹੁੰਦਾ ਸੀ, ਸਗੋਂ ਉਨ੍ਹਾਂ ਵਿੱਚ ਭਾਵਨਾਵਾਂ ਦਾ ਜੀਵੰਤ ਪ੍ਰਗਟਾਵਾ ਵੀ ਹੁੰਦਾ ਸੀ। ਪਿਆਰ ਦੀ ਮਧੁਰਤਾ, ਵਿਛੋੜੇ ਦੀ ਟੀਸ, ਖ਼ੁਸ਼ੀ ਦੀ ਖ਼ੁਮਾਰੀ ਅਤੇ ਦਰਦ ਦੀ ਡੂੰਘਾਈ, ਸਭ ਕੁਝ ਉਨ੍ਹਾਂ ਵਿੱਚ ਸਮਾਇਆ ਸੀ। ਉਨ੍ਹਾਂ ਦੇ ਗੀਤਾਂ ਨੇ ਪੀੜ੍ਹੀਆਂ ਨੂੰ ਸਿਰਫ਼ ਸੁਣਨਾ ਹੀ ਨਹੀਂ, ਸਗੋਂ ਮਹਿਸੂਸ ਕਰਨਾ ਵੀ ਸਿਖਾਇਆ। ਸੰਗੀਤਕਾਰ ਦੀਨਾਨਾਥ ਮੰਗੇਸ਼ਕਰ ਉਨ੍ਹਾਂ ਦੇ ਪਿਤਾ ਅਤੇ ਮਹਾਨ ਗਾਇਕਾ ਅਤੇ 'ਭਾਰਤ ਰਤਨ' ਨਾਲ ਸਨਮਾਨਿਤ ਲਤਾ ਮੰਗੇਸ਼ਕਰ ਉਨ੍ਹਾਂ ਦੀ ਵੱਡੀ ਭੈਣ ਸੀ। ਅਜਿਹੇ ਪਰਿਵਾਰ ਤੋਂ ਆਉਣ ਦੇ ਕਾਰਨ ਉਨ੍ਹਾਂ ਦਾ ਨਾਅਤਾ ਬਚਪਨ ਵਿੱਚ ਹੀ ਸੰਗੀਤ ਨਾਲ ਜੁੜ ਗਿਆ। ਉਨ੍ਹਾਂ ਨੇ 1943 ਵਿੱਚ 10 ਸਾਲ ਦੀ ਉਮਰ ਵਿੱਚ ਗਾਉਣਾ ਸ਼ੁਰੂ ਕਰ ਦਿੱਤਾ ਅਤੇ 90 ਸਾਲ ਦੀ ਉਮਰ ਤੱਕ ਗਾਉਂਦੇ ਰਹੇ। ਇੱਕ ਕਲਾਕਾਰ ਅਤੇ ਇੱਕ ਵਿਅਕਤੀ ਦੇ ਤੌਰ 'ਤੇ ਉਨ੍ਹਾਂ ਨੇ ਜ਼ਿੰਦਗੀ ਆਪਣੀ ਸ਼ਰਤਾਂ 'ਤੇ ਬਤੀਤ ਕੀਤੀ।

ਪੌਪ ਤੋਂ ਗ਼ਜ਼ਲ ਤੱਕ, ਡਿਸਕੋ ਤੋਂ ਕਲਾਸੀਕਲ ਤੱਕ, ਅਜਿਹਾ ਕੁਝ ਨਹੀਂ ਜੋ ਆਸ਼ਾ ਭੋਸਲੇ ਤੋਂ ਅਣਛੂਹਿਆ ਰਹਿ ਗਿਆ ਹੋਵੇ। 8 ਦਹਾਕਿਆਂ ਤੋਂ ਵੱਧ ਦੇ ਆਪਣੇ ਪੇਸ਼ੇਵਰ ਜੀਵਨ ਵਿੱਚ ਉਨ੍ਹਾਂ ਨੇ ਕਈ ਭਾਰਤੀ ਭਾਸ਼ਾਵਾਂ ਵਿੱਚ ਹਜ਼ਾਰਾਂ ਗੀਤਾਂ ਨੂੰ ਆਪਣੀ ਮਧੁਰ ਆਵਾਜ਼ ਦਿੱਤੀ। ਭਾਰਤੀ ਸੰਗੀਤ ਦੀ ਦੁਨੀਆ 'ਤੇ ਇੱਕ ਅਮਿੱਟ ਛਾਪ ਛੱਡੀ। ਅਜਿਹਾ ਕਿਹਾ ਜਾਂਦਾ ਹੈ ਕਿ ਉਨ੍ਹਾਂ ਨੇ 12,000 ਤੋਂ ਵੀ ਜ਼ਿਆਦਾ ਗਾਣੇ ਗਾਏ। ਸੰਗੀਤ ਦੇ ਖੇਤਰ ਵਿੱਚ ਉਨ੍ਹਾਂ ਦੇ ਅਥਾਹ ਯੋਗਦਾਨ ਨੂੰ ਮਾਨਤਾ ਦਿੰਦੇ ਹੋਏ, ਉਨ੍ਹਾਂ ਨੂੰ ਪਦਮ ਵਿਭੂਸ਼ਣ, ਦਾਦਾ ਸਾਹੇਬ ਫਾਲਕੇ ਪੁਰਸਕਾਰ ਅਤੇ ਰਾਸ਼ਟਰੀ ਫ਼ਿਲਮ ਪੁਰਸਕਾਰ ਸਮੇਤ ਕਈ ਪ੍ਰਤਿਸ਼ਠਿਤ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਇਸ ਦੇ ਨਾਲ ਹੀ, ਉਨ੍ਹਾਂ ਨੂੰ ਅਨੇਕਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਮੰਚਾਂ 'ਤੇ ਵੀ ਮਾਣ ਮਿਲਿਆ। ਉਨ੍ਹਾਂ ਨੇ ਲੰਬੇ ਸਮੇਂ ਤੱਕ ਭਾਰਤੀ ਕਲਾ ਜਗਤ ਨੂੰ ਸਮ੍ਰਿੱਧ ਬਣਾਉਣ ਵਿੱਚ ਅਤੁੱਲਯ ਭੂਮਿਕਾ ਨਿਭਾਈ। ਉਨ੍ਹਾਂ ਦੀ ਆਵਾਜ਼ ਵਿੱਚ ਜਿੰਨੀ ਕੋਮਲਤਾ ਸੀ, ਉਨ੍ਹਾਂ ਦੇ ਵਿਵਹਾਰ ਵਿੱਚ ਵੀ ਓਨੀ ਹੀ ਸਾਦਗੀ ਅਤੇ ਆਤਮੀਅਤਾ ਸੀ। ਇੰਨਾ ਹੀ ਨਹੀਂ, ਕਈ ਭਾਸ਼ਾਵਾਂ ਵਿੱਚ ਗਾ ਕੇ ਉਨ੍ਹਾਂ ਨੇ ਭਾਰਤੀ ਗੀਤ-ਸੰਗੀਤ ਅਤੇ ਸਿਨੇਮਾ ਨੂੰ ਵਿਸ਼ਵ ਮੰਚ 'ਤੇ ਪ੍ਰਤਿਸ਼ਠਿਤ ਕੀਤਾ।

12 ਅਪ੍ਰੈਲ 2026 ਨੂੰ 92 ਸਾਲ ਦੀ ਉਮਰ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਦੇਹਾਂਤ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ, "ਭਾਰਤ ਦੀਆਂ ਸਭ ਤੋਂ ਪ੍ਰਤਿਸ਼ਠਿਤ ਅਤੇ ਬਹੁਮੁਖੀ ਆਵਾਜ਼ਾਂ ਵਿੱਚੋਂ ਇੱਕ ਆਸ਼ਾ ਭੋਸਲੇ ਜੀ ਦੇ ਦੇਹਾਂਤ ਤੋਂ ਮੈਂ ਬਹੁਤ ਦੁਖੀ ਹਾਂ। ਉਨ੍ਹਾਂ ਦੀ ਦਹਾਕਿਆਂ ਦੀ ਅਸਧਾਰਣ ਸੰਗੀਤਮਈ ਯਾਤਰਾ ਨੇ ਸਾਡੀ ਸੱਭਿਆਚਾਰਕ ਵਿਰਾਸਤ ਨੂੰ ਸਮ੍ਰਿੱਧ ਕੀਤਾ। ਦੁਨੀਆ ਭਰ ਵਿੱਚ ਅਣਗਿਣਤ ਦਿਲਾਂ ਨੂੰ ਛੂਹਿਆ। ਭਾਵੇਂ ਉਨ੍ਹਾਂ ਦੀਆਂ ਭਾਵਪੂਰਨ ਧੁਨਾਂ ਹੋਣ ਜਾਂ ਜੀਵੰਤ ਰਚਨਾਵਾਂ, ਉਨ੍ਹਾਂ ਦੀ ਆਵਾਜ਼ ਵਿੱਚ ਇੱਕ ਸਦੀਵੀ ਦਮਕ ਸੀ। ਉਨ੍ਹਾਂ ਦੇ ਨਾਲ ਹੋਈਆਂ ਮੁਲਾਕਾਤਾਂ ਨੂੰ ਮੈਂ ਹਮੇਸ਼ਾ ਸੰਭਾਲ ਕੇ ਰੱਖਾਂਗਾ। ਉਨ੍ਹਾਂ ਦੇ ਪਰਿਵਾਰ, ਪ੍ਰਸ਼ੰਸਕਾਂ ਅਤੇ ਸੰਗੀਤ ਪ੍ਰੇਮੀਆਂ ਦੇ ਪ੍ਰਤੀ ਮੇਰੀ ਡੂੰਘੀਆਂ ਸੰਵੇਦਨਾਵਾਂ। ਉਹ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੇ ਰਹਿਣਗੇ ਅਤੇ ਉਨ੍ਹਾਂ ਦੇ ਗੀਤ ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਗੂੰਜਦੇ ਰਹਿਣਗੇ।" ■



ਰਾਸ਼ਟਰਪਤੀ ਦਾ ਰਾਸ਼ਟਰ ਦੇ ਨਾਮ ਸੰਦੇਸ਼ ਸੁਣਨ ਦੇ ਲਈ QR ਕੋਡ ਸਕੈਨ ਕਰੋ।

**ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਦਾ ਰਾਸ਼ਟਰ ਦੇ ਨਾਮ ਸੰਦੇਸ਼**

# ਵਿਕਸਿਤ ਭਾਰਤ....

## ਅਸਲ ਟੀਚਾ ਵਿਕਾਸ ਅਤੇ ਭਲਾਈ

*ਦੇਸ਼ ਦੇ 80ਵੇਂ ਸੁਤੰਤਰਤਾ ਦਿਵਸ ਦੀ ਪੂਰਵ ਸੰਧਿਆ 'ਤੇ ਰਾਸ਼ਟਰ ਦੇ ਨਾਮ ਸੰਦੇਸ਼ ਵਿੱਚ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਰਾਸ਼ਟਰ ਨਿਰਮਾਣ ਵਿੱਚ ਹਰੇਕ ਨਾਗਰਿਕ ਤੱਕ ਭਾਗੀਦਾਰੀ 'ਤੇ ਜ਼ੋਰ ਦਿੱਤਾ। ਸੁਤੰਤਰਤਾ ਸੰਗ੍ਰਾਮ ਦੇ ਸੈਨਿਕਾਂ ਨੂੰ ਨਮਨ ਕਰਨ ਦੇ ਨਾਲ ਉਨ੍ਹਾਂ ਨੇ ਕਿਹਾ ਕਿ ਭਾਰਤ 2047 ਤੱਕ ਵਿਕਸਿਤ ਰਾਸ਼ਟਰ ਬਣਨ ਦੇ ਟੀਚੇ ਨਾਲ ਅੱਗੇ ਵਧ ਰਿਹਾ ਹੈ। ਰਾਸ਼ਟਰਪਤੀ ਨੇ ਨੌਜਵਾਨਾਂ, ਮਹਿਲਾਵਾਂ, ਕਿਸਾਨਾਂ, ਵਿਗਿਆਨੀਆਂ, ਮਜ਼ਦੂਰਾਂ, ਖਿਡਾਰੀਆਂ, ਸੁਰੱਖਿਆ ਬਲਾਂ ਅਤੇ ਸਮਾਜ ਦੇ ਵੱਖ-ਵੱਖ ਵਰਗਾਂ ਦੇ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਦੇਸ਼ਵਾਸੀਆਂ ਨੂੰ ਸੰਵਿਧਾਨ ਦੀਆਂ ਕਦਰਾਂ-ਕੀਮਤਾਂ ਅਤੇ ਮੂਲ ਕਰਤੱਵਾਂ ਦੀ ਪਾਲਣਾ ਕਰਨ ਦਾ ਸੱਦਾ ਦਿੱਤਾ...*

### ਸੁਤੰਤਰਤਾ ਦੀ ਸਾਰਥਕਤਾ

ਸਾਰੇ ਦੇਸ਼ਵਾਸੀ, ਸੁਤੰਤਰ ਭਾਰਤ ਦੀ ਨੀਅਤੀ ਦੇ ਨਿਰਮਾਤਾ ਬਣਨ। ਅਸੀਂ ਭਾਰਤ ਦੇ ਲੋਕ, ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਮੌਕਿਆਂ ਦੀ ਵਰਤੋਂ ਕਰ ਸਕੀਏ ਅਤੇ ਭਾਰਤ ਨੂੰ ਸਰਬਸ਼੍ਰੇਸ਼ਠ ਰਾਸ਼ਟਰ ਬਣਾਉਣ ਦੀ ਭਾਵਨਾ ਨਾਲ ਕੰਮ ਕਰੀਏ-ਇਸੇ ਵਿੱਚ ਸੁਤੰਤਰਤਾ ਦੀ ਸਾਰਥਕਤਾ ਹੈ।

### ਵਿਕਸਿਤ ਭਾਰਤ ਦਾ ਨਿਰਮਾਣ

ਸੁਤੰਤਰਤਾ ਦੇ ਸ਼ਤਾਬਦੀ ਵਰ੍ਹੇ 2047 ਤੱਕ ਵਿਕਸਿਤ ਭਾਰਤ ਦੇ ਨਿਰਮਾਣ ਲਈ ਅਸੀਂ ਅੱਗੇ ਵਧ ਰਹੇ ਹਾਂ। ਅੰਤਯੋਦਯ ਦੀ ਭਾਵਨਾ ਨਾਲ, ਸਾਡਾ ਸੰਕਲਪ ਹੈ ਕਿ ਵਿਕਾਸ ਦਾ ਲਾਭ ਹਰੇਕ ਵਿਅਕਤੀ ਤੱਕ ਪਹੁੰਚੇ। ਆਪਣੀ ਸਮ੍ਰਿੱਧ ਵਿਰਾਸਤ ਅਤੇ ਸੁਤੰਤਰਤਾ ਸੰਗ੍ਰਾਮ ਦੇ ਆਦਰਸ਼ਾਂ ਨੂੰ ਅਪਣਾਉਂਦੇ ਹੋਏ ਅਸੀਂ ਆਧੁਨਿਕ ਵਿਕਾਸ ਦੇ ਮਾਰਗ 'ਤੇ ਅੱਗੇ ਵਧ ਰਹੇ ਹਾਂ। 'वयं राष्ट्रे जागृयाम', ਇਹ ਵੇਦ- ਵਾਕ ਸਾਨੂੰ ਪ੍ਰੇਰਣਾ ਦਿੰਦੇ ਹਨ ਕਿ ਅਸੀਂ ਰਾਸ਼ਟਰ ਦੇ ਲਈ ਹਮੇਸ਼ਾ ਜਾਗਰੂਕ ਰਹੀਏ।

### ਸੁਤੰਤਰਤਾ ਸੈਨਿਕਾਂ ਨੂੰ ਕੀਤਾ ਨਮਨ

ਸਾਡੇ ਸੁਤੰਤਰਤਾ ਸੰਗ੍ਰਾਮ ਵਿੱਚ ਸੰਘਰਸ਼ਸ਼ੀਲ ਵੱਖ-ਵੱਖ ਵਿਚਾਰ ਧਾਰਾਵਾਂ ਦੇ ਲੋਕਾਂ ਦਾ ਟੀਚਾ ਇੱਕ ਹੀ ਸੀ- ਭਾਰਤ ਦੀ ਆਜ਼ਾਦੀ। 'ਸਵਦੇਸ਼ੀ ਅੰਦੋਲਨ' ਦੇ ਦੌਰਾਨ, 'ਵੰਦੇ ਮਾਤਰਮ', ਜਨ-ਜਨ ਦਾ ਗੀਤ ਬਣ ਗਿਆ। ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਅਗਵਾਈ ਵਿੱਚ ਅਣਗਿਣਤ ਦੇਸ਼ਵਾਸੀ ਸੁਤੰਤਰਤਾ ਸੰਗ੍ਰਾਮ ਨਾਲ ਜੁੜ ਗਏ। ਬਾਬਾ ਸਾਹੇਬ ਡਾਕਟਰ ਭੀਮਰਾਓ ਅੰਬੇਡਕਰ ਨੇ ਸਮਾਜ ਸੁਧਾਰ ਅਤੇ ਰਾਸ਼ਟਰ-ਨਿਸ਼ਠਾ ਦੇ ਉੱਚ ਆਦਰਸ਼ ਪੇਸ਼ ਕੀਤੇ। ਭਾਰਤ ਮਾਤਾ ਦੀਆਂ ਉਨ੍ਹਾਂ ਸਾਰੀਆਂ ਮਹਾਨ ਸੰਤਾਨਾਂ ਨੂੰ ਮੈਂ ਸਾਦਰ ਨਮਨ ਕਰਦੀ ਹਾਂ ਜਿਨ੍ਹਾਂ ਦੇ ਆਦਰਸ਼ਾਂ ਉੱਪਰ ਚੱਲਦੇ ਹੋਏ ਸਾਡਾ ਦੇਸ਼ ਆਜ਼ਾਦ ਹੋਇਆ ਅਤੇ ਅੱਗੇ ਵਧਿਆ।



## ਵਿਦਿਆਰਥੀ, ਭਾਰਤ ਦੇ ਭਵਿੱਖ ਨਿਰਮਾਤਾ

ਸਾਡੇ ਵਿਦਿਆਰਥੀ, ਭਾਰਤ ਦੇ ਭਵਿੱਖ ਨਿਰਮਾਤਾ ਹਨ। ਜਿਸ ਤਰ੍ਹਾਂ ਰਾਸ਼ਟਰੀ ਸੁਰੱਖਿਆ ਦੇ ਲਈ ਸਰਕਾਰ ਅਤੇ ਸਮਾਜ ਦਾ ਇਕਜੁੱਟ ਰਹਿਣਾ ਜ਼ਰੂਰੀ ਹੈ, ਉਸੇ ਤਰ੍ਹਾਂ ਵਿਦਿਆਰਥੀਆਂ ਦੇ ਮੌਜੂਦਾ ਅਤੇ ਭਵਿੱਖ ਦੀ ਸੁਰੱਖਿਆ ਦੇ ਲਈ ਵੀ ਸਾਰਿਆਂ ਦੇ ਸਾਂਝੇ ਯਤਨ ਜ਼ਰੂਰੀ ਹਨ। ਜਨਤਕ ਪ੍ਰੀਖਿਆਵਾਂ, ਵਿਦਿਆਰਥੀਆਂ ਦੇ ਲਈ ਮੌਕਿਆਂ ਦੇ ਦੁਆਰ ਖੋਲ੍ਹਦੀਆਂ ਹਨ। ਇਸ ਲਈ ਸਰਕਾਰ ਇਨ੍ਹਾਂ ਪ੍ਰੀਖਿਆਵਾਂ ਵਿੱਚ ਸੁਧਾਰ ਦੇ ਲਈ ਵਿਆਪਕ ਕਦਮ ਚੁੱਕ ਰਹੀ ਹੈ। ਇਨ੍ਹਾਂ ਸੁਧਾਰਾਂ ਦਾ ਉਦੇਸ਼ ਹੈ ਕਿ ਜਨਤਕ ਪ੍ਰੀਖਿਆਵਾਂ ਵਿੱਚ ਅਣ-ਉਚਿਤ ਸਾਧਨਾਂ 'ਤੇ ਪੂਰੀ ਤਰ੍ਹਾਂ ਨਾਲ ਪਾਬੰਦੀ ਲੱਗੇ, ਸਿੱਖਿਆ ਪ੍ਰਣਾਲੀ ਵਧੇਰੇ ਪਾਰਦਰਸ਼ੀ ਅਤੇ ਨੌਜਵਾਨਾਂ ਦੇ ਲਈ ਸੁਰੱਖਿਅਤ ਅਤੇ ਭਰੋਸੇਮੰਦ ਹੋਵੇ।

## ਵਿਭਾਜਨ ਵਿਭੀਸ਼ਿਕਾ ਸਮ੍ਰਿਤੀ ਦਿਵਸ

14 ਅਗਸਤ ਦੇ ਦਿਨ ਨੂੰ ਅਸੀਂ 'ਵਿਭਾਜਨ ਵਿਭੀਸ਼ਿਕਾ ਸਮ੍ਰਿਤੀ ਦਿਵਸ' ਦੇ ਰੂਪ ਵਿੱਚ ਮਨਾਉਂਦੇ ਹਾਂ। ਅਸੀਂ ਉਨ੍ਹਾਂ ਲੱਖਾਂ ਦੇਸ਼ਵਾਸੀਆਂ ਨੂੰ ਯਾਦ ਕਰਦੇ ਹਾਂ ਜੋ ਵੰਡ ਨਾਲ ਜੁੜੀ ਹਿੰਸਾ ਵਿੱਚ ਮਾਰੇ ਗਏ ਜਾਂ ਉਜਾੜ ਦੀ ਤ੍ਰਾਸਦੀ ਝੱਲਣ ਲਈ ਮਜ਼ਬੂਰ ਹੋਏ। ਫਿਰਕਾਪ੍ਰਸਤੀ ਹਿੰਸਾ ਦੇ ਕਾਰਨ ਲੱਖਾਂ ਲੋਕਾਂ ਨੂੰ ਸ਼ਰਨਾਰਥੀ ਬਣਨਾ ਪਿਆ ਅਤੇ ਵੰਡ ਦੀ ਭਿਆਨਕਤਾ ਸਹਿਣ ਕਰਨੀ ਪਈ। ਫਿਰ ਵੀ, ਉਨ੍ਹਾਂ ਨੇ ਆਪਣੀ ਪਛਾਣ ਨਹੀਂ ਛੱਡੀ।

## ਲੋਕਤੰਤਰ ਦੀ ਪ੍ਰੇਰਣਾਦਾਇਕ ਉਪਲਬਧੀ

'ਭਾਰਤ ਦੇ ਲੋਕਾਂ ਦੁਆਰਾ ਬਣਾਇਆ ਗਿਆ ਸਾਡਾ ਸੰਵਿਧਾਨ ਨਾਗਰਿਕਾਂ ਦੀ ਭਾਗੀਦਾਰੀ 'ਤੇ ਅਧਾਰਿਤ ਹੈ। ਲੋਕਤੰਤਰ ਦੀ ਜਨਨੀ ਭਾਰਤ ਦੀ ਭੂਮੀ ਦੇ ਨਿਵਾਸੀਆਂ ਵਿੱਚ ਜਨਤਕ ਭਾਗੀਦਾਰੀ ਦੀ ਭਾਵਨਾ ਹਮੇਸ਼ਾ ਤੋਂ ਮੌਜੂਦ ਰਹੀ ਹੈ। ਉਸ ਭਾਵਨਾ ਨੂੰ ਨਵੀਂ ਊਰਜਾ ਦੇ ਨਾਲ ਦੇਸ਼ਵਾਸੀ ਅੱਗੇ ਵਧਾ ਰਹੇ ਹਨ। ਰਾਸ਼ਟਰੀ ਅਭਿਆਨਾਂ ਨੂੰ ਜਨਤਕ ਭਾਗੀਦਾਰੀ ਤੋਂ ਅੱਗੇ ਵਧਾਇਆ ਜਾ ਰਿਹਾ ਹੈ। ਇਹ ਸਾਡੇ ਲੋਕਤੰਤਰ ਦੀ ਪ੍ਰੇਰਣਾਦਾਇਕ ਉਪਲਬਧੀ ਹੈ।

## ਮਹਿਲਾਵਾਂ ਦੀ ਆਰਥਿਕ ਆਤਮ-ਨਿਰਭਰਤਾ

ਸਿੱਖਿਆ ਦੇ ਖੇਤਰ ਵਿੱਚ ਸਾਡੀਆਂ ਬੇਟੀਆਂ ਪ੍ਰਭਾਵਸ਼ਾਲੀ ਪ੍ਰਦਰਸ਼ਨ ਕਰ ਰਹੀਆਂ ਹਨ। ਨਾਲ ਹੀ, ਖੇਤੀਬਾੜੀ ਉਤਪਾਦਕਤਾ ਵਧਾਉਣ ਵਿੱਚ ਯੋਗਦਾਨ ਦੇਣ ਵਾਲੀ ਡ੍ਰੋਨ ਦੀਦੀ ਤੋਂ ਲੈ ਕੇ, ਹਵਾਈ ਸੈਨਾ ਵਿੱਚ ਫਾਈਟਰ ਕੌਮਬੈਟ ਲੀਡਰ ਬਣਨ ਤੱਕ, ਵੱਖ- ਵੱਖ ਖੇਤਰਾਂ ਵਿੱਚ ਮਹਿਲਾਵਾਂ ਵਧ ਰਹੀਆਂ ਹਨ। ਹਾਲ ਹੀ ਵਿੱਚ ਗਲਾਸਗੋ ਵਿੱਚ ਸੰਪੰਨ ਹੋਈਆਂ ਕੌਮਨ ਵੈਲਥ ਗੇਮਸ ਵਿੱਚ ਭਾਰਤ ਦੇ ਕੁੱਲ 13 ਗੋਲਡ ਮੈਡਲਾਂ ਵਿੱਚ 8 ਗੋਲਡ ਮੈਡਲ ਬੇਟੀਆਂ ਨੇ ਜਿੱਤੇ ਹਨ। ਮਹਿਲਾਵਾਂ ਦੀ ਆਰਥਿਕ ਆਤਮ-ਨਿਰਭਰਤਾ ਵਧ ਰਹੀ ਹੈ।

## ਨਾਰੀ ਸ਼ਕਤੀ ਵੰਦਨ ਅਧਿਨਿਯਮ

ਮਹਿਲਾਵਾਂ ਵੱਖ –ਵੱਖ ਖੇਤਰਾਂ ਵਿੱਚ ਅਗਵਾਈ ਕਰ ਰਹੀਆਂ ਹਨ। ਵੋਟਾਂ ਵਿੱਚ ਮਹਿਲਾਵਾਂ ਦੀ ਵਧ ਰਹੀ ਭਾਗੀਦਾਰੀ ਸਾਡੇ ਗਣਤੰਤਰ ਦੀ ਵਿਸ਼ੇਸ਼ ਸਫਲਤਾ ਹੈ। ਲੋਕ ਸਭਾ ਅਤੇ ਵਿਧਾਨ ਸਭਾਵਾਂ ਵਿੱਚ ਮਹਿਲਾਵਾਂ ਦਾ 33 ਪ੍ਰਤੀਸ਼ਤ ਪ੍ਰਤੀਨਿਧਤਾ ਰਾਖਵਾਂਕਰਣ ਕਰਨ ਲਈ, ਵਰ੍ਹੇ 2023 ਵਿੱਚ 'ਨਾਰੀ ਸ਼ਕਤੀ ਵੰਦਨ ਅਧਿਨਿਯਮ' ਪਾਸ ਕੀਤਾ ਜਾ ਚੁੱਕਿਆ ਹੈ।

## ਨੌਜਵਾਨ ਆਬਾਦੀ ਸਾਡੀ ਸਭ ਤੋਂ ਕੀਮਤੀ ਸੰਪਤੀ

ਦੇਸ਼ ਦੀ ਕੁੱਲ ਆਬਾਦੀ ਵਿੱਚ 65 ਪ੍ਰਤੀਸ਼ਤ ਲੋਕਾਂ ਦੀ ਉਮਰ 35 ਵਰ੍ਹਿਆਂ ਤੋਂ ਘੱਟ ਹੈ। ਇਹ ਨੌਜਵਾਨ ਆਬਾਦੀ ਸਾਡੀ ਸਭ ਤੋਂ ਕੀਮਤੀ ਸੰਪਤੀ ਹੈ। ਸਾਡੇ ਦੇਸ਼ ਦੇ ਯੰਗ ਟੈਲੇਂਟਿਡ ਹਨ, ਕਮਿਟਿਡ ਹਨ ਅਤੇ ਸਕਿੱਲਡ ਹਨ। ਜ਼ਮੀਨੀ ਪੱਧਰ 'ਤੇ ਨੌਜਵਾਨਾਂ ਦੁਆਰਾ ਕੀਤੇ ਗਏ ਵੱਖ-ਵੱਖ ਸਮੱਸਿਆਵਾਂ ਦੇ ਨਵੀਨਤਾਕਾਰੀ ਅਤੇ ਪ੍ਰੈਕਟਿਲ ਹੱਲ ਨੂੰ ਦੇਖ ਕੇ ਮੈਨੂੰ ਸਮਾਜ ਅਤੇ ਦੇਸ਼ ਲਈ ਉਨ੍ਹਾਂ ਦੀ ਵਚਨਬੱਧਤਾ ਦਾ ਪਰੀਚੈ ਮਿਲਦਾ ਹੈ।

## ਨੌਜਵਾਨਾਂ ਦੇ ਲਈ ਕਈ ਤਰ੍ਹਾਂ ਦੇ ਨਵੇਂ ਮੌਕੇ

ਸਰਕਾਰ ਦੇ ਯਤਨਾਂ ਅਤੇ ਨਵੀਆਂ ਆਰਥਿਕ ਗਤੀਵਿਧੀਆਂ ਦੁਆਰਾ ਨੌਜਵਾਨਾਂ ਲਈ ਕਈ ਤਰ੍ਹਾਂ ਦੇ ਨਵੇਂ ਮੌਕੇ ਪੈਦਾ ਹੋ ਰਹੇ ਹਨ। ਅਜਿਹੇ ਮੌਕਿਆਂ ਬਾਰੇ ਜਾਣਕਾਰੀ ਪ੍ਰਾਪਤ ਕਰਕੇ ਸਾਡੇ ਯੁਵਾ ਸਫਲਤਾ ਦੇ ਨਵੇਂ ਮਾਰਗ ਚੁਣ ਸਕਦੇ ਹਨ। ਨੌਜਵਾਨਾਂ ਦੀ ਸਰੀਰਕ ਅਤੇ ਮਾਨਸਿਕ ਸਿਹਤ ਦੇਸ਼ ਦੇ ਭਵਿੱਖ ਦਾ ਅਧਾਰ ਹੈ। ਪਰਿਵਾਰ ਅਤੇ ਸਮਾਜ ਦੀ ਵੀ ਜ਼ਿੰਮੇਵਾਰੀ ਹੈ ਕਿ ਯੁਵਾ ਉਤਸ਼ਾਹ ਦੇ ਨਾਲ ਅੱਗੇ ਵਧਦੇ ਰਹਿਣ।

## ਸੀਨੀਅਰ ਨਾਗਰਿਕਾਂ ਦੇ ਲਈ ਅਨੇਕਾਂ ਕਦਮ

ਸਰਕਾਰ ਨੇ ਸੀਨੀਅਰ ਨਾਗਰਿਕਾਂ ਦੇ ਜੀਵਨ ਨੂੰ ਬਿਹਤਰ ਬਣਾਉਣ ਦੇ ਲਈ ਕਈ ਕਦਮ ਚੁੱਕੇ ਹਨ। 70 ਵਰ੍ਹਿਆਂ ਅਤੇ ਉਸ ਤੋਂ ਵੀ ਵੱਧ ਉਮਰ ਦੇ ਲਗਭਗ 6 ਕਰੋੜ ਸੀਨੀਅਰ ਨਾਗਰਿਕਾਂ ਦੇ ਲਈ ਪ੍ਰਤੀ ਵਰ੍ਹੇ 5 ਲੱਖ ਰੁਪਏ ਤੱਕ ਦੀਆਂ ਮੁਫ਼ਤ ਸਿਹਤ ਸੰਭਾਲ ਸਹੂਲਤਾਂ ਉਪਲਬਧ ਹਨ।

## ਨਕਸਲ ਪ੍ਰਭਾਵਿਤ ਰਹੇ ਖੇਤਰਾਂ ਵਿੱਚ ਉਤਸ਼ਾਹ ਦਾ ਮਾਹੌਲ

ਭਾਰਤ ਨੂੰ ਨਕਸਲ ਮੁਕਤ ਬਣਾਉਣਾ ਇੱਕ ਵੱਡੀ ਪ੍ਰਾਪਤੀ ਹੈ। ਹੁਣ ਨਕਸਲ ਪ੍ਰਭਾਵਿਤ ਰਹੇ ਖੇਤਰਾਂ ਵਿੱਚ ਉਤਸ਼ਾਹ ਦਾ ਮਾਹੌਲ ਹੈ ਅਤੇ ਵਿਕਾਸ ਦੀ ਸਰਬਸਪਰਸ਼ੀ ਧਾਰਾ ਵਹਿ ਰਹੀ ਹੈ। ਬਸਤਰ ਓਲੰਪਿਕਸ ਵਿੱਚ ਖਿਡਾਰੀਆਂ ਨੇ ਬਸਤਰ ਪੰਡੁਮ ਵਿਖੇ ਕਲਾਕਾਰਾਂ ਨੇ ਅਤੇ ਇਨ੍ਹਾਂ ਆਯੋਜਨਾਂ ਵਿੱਚ ਦਰਸ਼ਕਾਂ ਨੇ, ਭਾਰੀ ਗਿਣਤੀ ਵਿੱਚ ਹਿੱਸਾ ਲਿਆ।



## ਆਧੁਨਿਕ ਭਾਰਤ ਦੀ ਏਕਤਾ ਦੇ ਸ਼ਿਲਪਕਾਰ ਸਰਦਾਰ ਵੱਲਭਭਾਈ ਪਟੇਲ

ਜਦੋਂ ਸਾਡਾ ਦੇਸ਼ ਆਜ਼ਾਦ ਹੋਇਆ, ਉਸ ਸਮੇਂ ਦੇਸ਼ ਦੀ ਵੰਡ ਦੇ ਗੰਭੀਰ ਨਤੀਜਿਆਂ ਦੇ ਨਾਲ- ਨਾਲ, 550 ਤੋਂ ਵੱਧ ਰਿਆਸਤਾਂ ਨੂੰ ਨਵੇਂ ਆਜ਼ਾਦ ਭਾਰਤ ਦੇ ਨਾਲ ਜੋੜਨਾ ਵੀ ਇੱਕ ਅਸਧਾਰਣ ਚੁਣੌਤੀ ਸੀ। ਸਰਦਾਰ ਪਟੇਲ ਨੇ ਰਾਜਸ਼ਾਹੀ ਵਿਵਸਥਾਵਾਂ ਨੂੰ ਖ਼ਤਮ ਕਰਕੇ ਸਾਡੇ ਆਜ਼ਾਦ ਲੋਕਤੰਤਰ ਵਿੱਚ ਉਨ੍ਹਾਂ ਦਾ ਰਲੇਵਾਂ ਕੀਤਾ। ਇੱਕ ਧੰਨਵਾਦੀ ਰਾਸ਼ਟਰ ਵੱਲੋਂ, ਆਧੁਨਿਕ ਭਾਰਤ ਦੀ ਏਕਤਾ ਦੇ ਸ਼ਿਲਪਕਾਰ, ਲੌਹ ਪੁਰਸ਼ ਸਰਦਾਰ ਵੱਲਭਭਾਈ ਪਟੇਲ ਦੀ ਪਵਿੱਤਰ ਯਾਦ ਨੂੰ ਮੈਂ ਸਾਦਰ ਨਮਨ ਕਰਦੀ ਹਾਂ।

## ਸਿੱਖਿਆ ਦੇ ਖੇਤਰ ਵਿੱਚ ਸਫਲਤਾ ਦੇ ਨਵੇਂ ਪ੍ਰਤੀਮਾਨ

ਸਾਡੇ ਦੇਸ਼ਵਾਸੀ ਮਹਾਤਮਾ ਜਯੋਤਿਬਾ ਫੂਲੇ ਦੀ 200ਵੀਂ ਜਯੰਤੀ ਮਨਾ ਰਹੇ ਹਨ। ਮਹਾਤਮਾ ਫੂਲੇ ਅਤੇ ਕ੍ਰਾਂਤੀ-ਜਯੋਤੀ ਸਾਵਿਤ੍ਰੀ ਬਾਈ ਫੂਲੇ ਨੇ ਸਮਾਜਿਕ ਨਿਆਂ, ਸਿੱਖਿਆ, ਮਹਿਲਾ ਸਸ਼ਕਤੀਕਰਣ ਅਤੇ ਸਮਾਨਤਾ ਦੇ ਖੇਤਰ ਵਿੱਚ ਇਤਿਹਾਸਕ ਯੋਗਦਾਨ ਦਿੱਤਾ ਹੈ। ਉਨ੍ਹਾਂ ਆਦਰਸ਼ਾਂ ਦੇ ਅਨੁਸਾਰ ਬੀਤੇ ਕੁਝ ਵਰ੍ਹਿਆਂ ਦੇ ਦੌਰਾਨ ਵੰਚਿਤ ਵਰਗਾਂ ਨੂੰ ਅੱਗੇ ਵਧਾਉਣ ਦੇ ਟੀਚੇ ਨੂੰ ਰਾਸ਼ਟਰੀ ਤਰਜੀਹ ਦਿੱਤੀ ਗਈ ਹੈ। ਮਹਿਲਾਵਾਂ ਦੀ ਸਿੱਖਿਆ ਦੇ ਖੇਤਰ ਵਿੱਚ ਸਫਲਤਾ ਦੇ ਨਵੇਂ ਪ੍ਰਤਿਮਾਨ ਸਥਾਪਿਤ ਹੋਏ ਹਨ।

## ਵਸੁਧੈਵ ਕੁਟੁੰਬਕਮ ਦੇ ਆਦਰਸ਼ ਸਾਡੀ ਵਿਦੇਸ਼ ਨੀਤੀ ਦੇ ਥੰਮ੍ਹ

ਸਾਡੀ ਵਿਦੇਸ਼ ਨੀਤੀ, ਦੇਸ਼ ਹਿਤ 'ਤੇ ਅਧਾਰਿਤ ਹੈ। ਸ਼ਾਂਤੀ, ਸਹਿਯੋਗ, ਸੰਵਾਦ ਅਤੇ ਵਸੁਧੈਵ ਕੁਟੁੰਬਕਮ ਦੇ ਆਦਰਸ਼ ਸਾਡੀ ਵਿਦੇਸ਼ ਨੀਤੀ ਦੇ ਥੰਮ੍ਹ ਹਨ। ਆਰਥਿਕ ਸਹਿਯੋਗ ਵਧਾਉਣ ਅਤੇ ਆਪਸੀ ਸਬੰਧਾਂ ਨੂੰ ਹੋਰ ਮਜ਼ਬੂਤ ਬਣਾਉਣ ਦੇ ਲਈ, ਅਸੀਂ ਕਈ ਦੇਸ਼ਾਂ ਦੇ ਨਾਲ ਫ੍ਰੀ ਟ੍ਰੇਡ ਐਗਰੀਮੈਂਟ ਕੀਤੇ ਹਨ।

## ਸਾਡੀ ਪ੍ਰਭਾਵਸ਼ਾਲੀ ਸਮਰੱਥਾ ਦੇ ਪ੍ਰਤੀਕ

ਰਾਸ਼ਟਰ-ਗੌਰਵ ਦੀ ਰੱਖਿਆ ਲਈ ਤਿਆਰ ਮਰਾਠਾ ਸੈਨਿਕ ਪਰੰਪਰਾ ਨਾਲ ਜੁੜੇ 12 ਕਿਲ੍ਹਿਆਂ ਨੂੰ ਪਿਛਲੇ ਵਰ੍ਹੇ ਯੂਨੈਸਕੋ ਦੀ ਵਰਲਡ ਹੈਰੀਟੇਜ਼ ਲਿਸਟ ਵਿੱਚ ਥਾਂ ਦਿੱਤੀ ਗਈ। ਇਸ ਵਰ੍ਹੇ, ਭਗਵਾਨ ਬੁੱਧ ਦੇ ਪਹਿਲੇ ਪ੍ਰਵਚਨ ਦੇ ਸਥਾਨ ਸਾਰਨਾਥ ਨੂੰ ਯੂਨੈਸਕੋ ਵਰਲਡ ਹੈਰੀਟੇਜ਼ ਲਿਸਟ ਵਿੱਚ ਸ਼ਾਮਲ ਕੀਤਾ ਗਿਆ ਹੈ। ਭਾਰਤ ਦੀ ਭੂਮੀ 'ਤੇ ਇੱਕ ਪਾਸੇ ਭਗਵਾਨ ਬੁੱਧ ਨਾਲ ਜੁੜੇ ਅਧਿਆਤਮਿਕ ਸਮਾਰਕ ਹਨ ਤਾਂ ਦੂਸਰੇ ਪਾਸੇ ਆਤਮ-ਸਨਮਾਨ ਅਤੇ ਆਪਣੀਆਂ ਗੌਰਵਸ਼ਾਲੀ ਪਰੰਪਰਾਵਾਂ ਦੀ ਰੱਖਿਆ ਲਈ ਯੁੱਧ ਕਰਨ ਦੀ ਪ੍ਰਭਾਵਸ਼ਾਲੀ ਸਮਰੱਥਾ ਦੇ ਪ੍ਰਤੀਕ ਵੀ ਮੌਜੂਦ ਹਨ।

## ਵਾਤਾਵਰਣ ਦੀ ਸੰਭਾਲ ਦੇ ਖੇਤਰ ਵਿੱਚ ਵਿਸ਼ਵ ਪੱਧਰ 'ਤੇ ਮੋਹਰੀ ਯੋਗਦਾਨ

ਆਧੁਨਿਕ ਵਿਕਾਸ ਦੇ ਮਾਰਗ 'ਤੇ ਅੱਗੇ ਵਧਣ ਦੇ ਨਾਲ-ਨਾਲ ਵਾਤਾਵਰਣ ਦੇ ਖੇਤਰ ਵਿੱਚ ਵੀ ਭਾਰਤ ਵਿਸ਼ਵ ਪੱਧਰ 'ਤੇ ਮੋਹਰੀ ਯੋਗਦਾਨ ਦੇ ਰਿਹਾ ਹੈ। ਟਿਕਾਊ ਵਿਕਾਸ ਟੀਚਾ 2030 ਦੇ ਕੁਝ ਟੀਚਿਆਂ ਨੂੰ ਸਾਡੇ ਦੇਸ਼ ਨੇ ਸਮੇਂ ਤੋਂ ਪਹਿਲਾਂ ਹੀ ਹਾਸਲ ਕਰ ਲਿਆ ਹੈ। ਅਖੁੱਟ ਊਰਜਾ ਦੇ ਵਿਕਾਸ ਨੂੰ ਪਿਛਲੇ ਕੁਝ ਵਰ੍ਹਿਆਂ ਵਿੱਚ ਬੇਮਿਸਾਲ ਰਫ਼ਤਾਰ ਮਿਲੀ ਹੈ।

## ਨਵੇਂ ਰੁਜ਼ਗਾਰਾਂ ਦੀ ਸਿਰਜਣਾ

ਸਾਡੇ ਦੇਸ਼ ਵਿੱਚ ਹਾਈਵੇਅ, ਵਾਟਰਵੇਅਜ਼, ਰੇਲਵੇਅਜ਼ ਅਤੇ ਏਅਰਵੇਅਜ਼ ਦੇ ਰੂਪ ਵਿੱਚ ਆਧੁਨਿਕ ਇਨਫ੍ਰਾਸਟ੍ਰਕਚਰ ਦਾ ਬੇਮਿਸਾਲ ਵਿਸਥਾਰ ਹੋਇਆ ਹੈ। ਇਸ ਨਾਲ ਨਵੇਂ ਉੱਦਮਾਂ ਦੇ ਲਈ ਮੌਕੇ ਪੈਦਾ ਹੋ ਰਹੇ ਹਨ, ਨਵੇਂ ਰੁਜ਼ਗਾਰਾਂ ਦੀ ਸਿਰਜਣਾ ਹੋ ਰਹੀ ਹੈ ਅਤੇ ਨਿਵੇਸ਼ਕਾਂ ਦਾ ਭਰੋਸਾ ਵਧ ਰਿਹਾ ਹੈ।

# 2047 ਦਾ ਸੰਕਲਪ ਸਪਤ ਧਾਰਾ ਦੀ ਸਮਰੱਥਾ



**ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਜਦੋਂ ਰਾਸ਼ਟਰ ਨੂੰ ਸੰਬੋਧਨ ਕਰ ਰਹੇ ਸਨ, ਤਾਂ ਉਨ੍ਹਾਂ ਦੇ ਦਿਲੋ-ਦਿਮਾਗ ਵਿੱਚ ਬੀਤੇ 12 ਵਰ੍ਹਿਆਂ ਵਿੱਚ ਭਾਰਤ ਦੀ ਵਿਕਾਸ ਯਾਤਰਾ ਦੀ ਸਿਰਫ਼ ਸੁਭਾਵਿਕ ਸੰਤੁਸ਼ਟੀ ਨਹੀਂ ਸੀ, ਭਵਿੱਖ ਦੇ ਸ਼ਾਨਦਾਰ-ਨਵੇਂ ਭਾਰਤ ਦੇ ਨਿਰਮਾਣ ਦਾ ਦ੍ਰਿੜ੍ਹ ਸੰਕਲਪ ਵੀ ਸੀ। ਜਦੋਂ ਕਿਸੇ ਰਾਸ਼ਟਰ ਦੀ ਅਗਵਾਈ ਸੰਵੇਦਨਸ਼ੀਲ ਹੁੰਦੀ ਹੈ ਤਾਂ ਉਸ ਰਾਸ਼ਟਰ ਦਾ ਵਿਕਾਸ ਸਿਰਫ਼ ਅੰਕੜਿਆਂ ਵਿੱਚ ਸ਼ਾਮਲ ਨਹੀਂ ਹੁੰਦਾ, ਸਗੋਂ ਸੰਤੁਸ਼ਟੀ ਦੇ ਨਾਲ ਉਸ ਨੂੰ ਹੋਰ ਵਿਸ਼ਾਲ ਬਣਾਉਣ ਦੀ ਇੱਛਾਸ਼ਕਤੀ ਵੀ ਜਨ-ਜਨ ਦੇ ਮਨ ਵਿੱਚ ਨਵੀਂ ਸਿਰਜਣਾ ਦਾ ਆਕਾਰ ਲੈ ਲੈਂਦੀ ਹੈ। ਬੀਤੇ 12 ਵਰ੍ਹਿਆਂ ਵਿੱਚ 'ਰਾਸ਼ਟਰ ਪਹਿਲਾਂ' ਦੇ ਮੰਤਰ ਨਾਲ ਭਾਰਤ ਨੇ ਵਿਕਾਸ ਦਾ ਜੋ ਨਵਾਂ ਅਧਿਆਏ ਲਿਖਿਆ ਹੈ, ਉਹ 2047 ਤੱਕ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੇ ਟੀਚੇ ਦਾ ਅਧਾਰ ਥੰਮ੍ਹ ਬਣ ਚੁੱਕਿਆ ਹੈ। ਅਜਿਹੇ ਵਿੱਚ ਇੱਸ 15 ਅਗਸਤ ਨੂੰ ਲਾਲ ਕਿਲੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਮੋਦੀ ਨੇ ਵਿਕਾਸ ਦੀ ਨਵੀਂ ਸਪਤ ਧਾਰਾ ਦਾ ਸੱਦਾ ਦਿੱਤਾ। ਇਸ ਦੇ ਨਾਲ ਹੀ, 13ਵਾਂ ਸੰਬੋਧਨ ਬਣ ਗਿਆ ਰਾਸ਼ਟਰ ਦੀ ਨਿਰੰਤਰ ਯਾਤਰਾ ਦਾ ਜੈਘੋਸ਼...**





वन्दे मातरम्।
सुजलाम् सुफलाम्
मलयजशीतलाम्,
शस्यशामलाम् मातरम्।
वन्दे मातरम्।।

शुभ्रज्योत्स्ना पुलकितयामिनीम्,
फुल्लकुसुमित
द्रुमदलशोभिनीम्,
सुहासिनीम् सुमधुरभाषिणीम्,
सुखदाम् वरदाम् मातरम्।
वन्दे मातरम्।।

ਇਸ ਸੁਤੰਤਰਤਾ ਦਿਵਸ 'ਤੇ ਜਦੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਸਮਾਰੋਹ ਦੇ ਲਈ ਲਾਲ ਕਿਲ੍ਹੇ ਦੀ ਫ਼ਸੀਲ 'ਤੇ ਪਹੁੰਚੇ ਤਾਂ ਵੰਦੇ ਮਾਤਰਮ ਦਾ ਆਕਾਰ ਅਤੇ ਸੰਕਲਪ ਰੂਪੀ ਉਤਸਵ ਦੀ ਛਟਾ ਚਾਰੇ ਪਾਸੇ ਨਵੀਂ ਊਰਜਾ ਦਾ ਸੰਚਾਰ ਕਰ ਰਹੀ ਸੀ। ਪਹਿਲੀ ਵਾਰ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਗੂੰਜਿਆ ਇਹ ਰਾਸ਼ਟਰੀ ਗੀਤ ਨਾ ਸਿਰਫ਼ ਗੌਰਵਸ਼ਾਲੀ ਵਿਰਾਸਤ ਦੇ ਸਨਮਾਨ ਦਾ ਮੌਕਾ ਬਣਿਆ, ਸਗੋਂ 140 ਕਰੋੜ ਨਾਗਰਿਕਾਂ ਨੂੰ ਉਸੇ ਤਰ੍ਹਾਂ ਸਵੈ-ਪ੍ਰੇਰਿਤ ਕਰਨ ਵਾਲਾ ਪਲ ਬਣ ਗਿਆ, ਜਿਵੇਂ ਸੁਤੰਤਰਤਾ ਸੰਗ੍ਰਾਮ ਦੇ ਦੌਰਾਨ ਦਿਖਿਆ ਸੀ। 19ਵੀਂ ਸਦੀ ਦੇ ਅੰਤਿਮ ਪੜਾਅ ਅਤੇ 20ਵੀਂ ਸਦੀ ਦੀ ਸ਼ੁਰੂਆਤ ਵਿੱਚ 'ਵੰਦੇ ਮਾਤਰਮ' ਭਾਰਤੀਅਤਾ ਅਤੇ ਰਾਸ਼ਟਰਵਾਦ ਦਾ ਜਾਗਰਣ ਗਾਨ ਬਣ ਗਿਆ ਸੀ। ਹੁਣ 21ਵੀਂ ਸਦੀ ਦਾ ਭਾਰਤ ਆਪਣੇ ਵਿਸ਼ਾਲ ਸੰਕਲਪ ਦੀ ਸਿੱਧੀ ਦੀ ਦਿਸ਼ਾ ਵੱਲ ਵਧ ਰਿਹਾ ਹੈ ਅਤੇ ਯੁਵਾ ਸ਼ਕਤੀ ਹੀ ਇਸ ਦੀ ਨਿਰਣਾਇਕ ਅਗਵਾਈ ਕਰ ਰਹੀ ਹੈ। ਇਹੀ ਕਾਰਨ ਹੈ ਕਿ ਇਸ ਵਰ੍ਹੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਸੁਤੰਤਰਤਾ ਦਿਵਸ ਸਮਾਰੋਹ ਦੇ ਆਯੋਜਨ ਦੀ ਥੀਮ ਹੀ 'ਵੰਦੇ ਮਾਤਰਮ ਦੇ 150 ਵਰ੍ਹੇ' ਅਤੇ 'ਵਿਕਸਿਤ ਭਾਰਤ @ 2047 ਦੇ ਲਈ ਯੁਵਾ ਸ਼ਕਤੀ' ਬਣ ਗਈ।

ਜਦੋਂ ਮੌਕਾ ਯੁਵਾ ਸ਼ਕਤੀ ਨੂੰ ਸਮਰਪਿਤ ਹੋਵੇ ਤਾਂ ਇਸ ਗੱਲ ਦੀ ਜਾਣ- ਪਛਾਣ ਕਰਨ ਵਾਲਾ ਬਣ ਜਾਂਦਾ ਹੈ ਕਿ ਨਵਾਂ ਭਾਰਤ ਨਵੀਂ ਗਾਥਾ ਲਿਖਣ ਲਈ ਤਿਆਰ ਹੈ। ਅਜਿਹੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਸਪਸ਼ਟ ਸੰਦੇਸ਼ ਦਿੱਤਾ ਕਿ ਭਾਰਤ ਦੀ ਯੁਵਾ ਸ਼ਕਤੀ ਵਿਕਸਿਤ ਭਾਰਤ ਦੇ ਸੰਕਲਪ ਨੂੰ ਹਕੀਕਤ ਵਿੱਚ ਬਦਲਣ ਲਈ ਤਿਆਰ ਹੈ।

## ਯੁਵਾ ਬਣ ਰਹੇ ਵਿਕਸਿਤ ਭਾਰਤ ਦੇ ਸਾਰਥੀ

ਅੱਜ ਭਾਰਤ ਦੇ ਨੌਜਵਾਨਾਂ.ਦੀਆਂ ਉਮੀਦਾਂ ਨੂੰ ਨਵੀਂ ਉਡਾਣ ਮਿਲ ਰਹੀ ਹੈ। ਦੁਨੀਆ ਦਾ ਸਭ ਤੋਂ ਯੁਵਾ ਦੇਸ਼ ਭਾਰਤ ਅੱਜ ਵਿਕਾਸ ਦਾ ਵਾਹਕ ਬਣਿਆ ਹੈ। ਭਾਰਤ ਦਾ ਯੁਵਾ ਹੁਣ ਸਿਰਫ਼ ਨੌਕਰੀ ਮੰਗਣ ਵਾਲਾ ਨਹੀਂ, ਸਗੋਂ ਨੌਕਰੀ ਦੇਣ ਵਾਲਾ ਬਣ ਰਿਹਾ ਹੈ। ਭਾਰਤ ਅੱਜ ਦੁਨੀਆ ਦਾ ਤੀਸਰਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਮਸਟਮ ਬਣ ਗਿਆ ਹੈ। ਯੁਵਾ ਅੱਜ ਸਹੀ ਅਰਥਾਂ ਵਿੱਚ ਵਿਕਸਿਤ ਭਾਰਤ ਦੇ ਸਾਰਥੀ ਬਣ ਗਏ ਹਨ। ਕੇਂਦਰ ਸਰਕਾਰ ਨੇ ਨੌਜਵਾਨਾਂ ਦੇ ਲਈ ਸਿੱਖਿਆ, ਕੌਸ਼ਲ, ਉੱਦਮ ਦੇ ਕਈ ਮੌਕੇ 12 ਵਰ੍ਹਿਆਂ ਵਿਚ ਉਪਲਬਧ ਕਰਵਾਏ ਹਨ। ਇਨ੍ਹਾਂ ਵਰ੍ਹਿਆਂ ਵਿੱਚ 12 ਲੱਖ ਤੋਂ ਵੱਧ ਨਿਯੁਕਤੀ ਪੱਤਰ ਰੁਜ਼ਗਾਰ ਮੇਲਿਆਂ ਦੇ ਜ਼ਰੀਏ ਸੌਂਪੇ ਗਏ ਹਨ। ਵਿਕਸਿਤ ਭਾਰਤ ਦੇ ਸੰਕਲਪ ਨੂੰ ਸਾਕਾਰ ਕਰਨ ਦੇ ਲਈ ਸੈਮੀਕੰਡਕਟਰ ਮੈਨੂਫੈਕਚਰਿੰਗ, ਆਰਟੀਫਿਸ਼ੀਅਲ ਇੰਟੈਲੀਜੈਂਸ (ਏਆਈ), ਇਨੋਵੇਸ਼ਨ 'ਤੇ ਜ਼ੋਰ ਦਿੱਤਾ ਗਿਆ ਹੈ, ਤਾਂ ਡਿਜੀਟਲ ਤਕਨੀਕ ਦੀ ਵਰਤੋਂ ਪ੍ਰਧਾਨ ਮੰਤਰੀ ਮੋਦੀ ਦੇ ਸੁਸ਼ਾਸਨ ਦਾ ਅਨਿੱਖੜਵਾਂ ਹਿੱਸਾ ਬਣ ਗਿਆ ਹੈ। ਅੱਜ ਵਿਗਿਆਨ- ਤਕਨੀਕ ਸੁਸ਼ਾਸਨ ਦਾ ਲਾਜ਼ਮੀ ਅੰਗ ਹੈ।

ਯੁਵਾ ਸਮਰੱਥਾ ਸਿਰਫ਼ ਸ਼ਕਤੀ ਨਹੀਂ, ਉਸ ਨੂੰ ਸਨਮਾਨ ਦੇਣ ਦਾ ਵੀ ਵਿਸ਼ੇਸ਼ ਮੌਕਾ 80ਵਾਂ ਸੁਤੰਤਰਤਾ ਦਿਵਸ ਦਾ ਸਮਾਰੋਹ ਬਣਿਆ। ਦੁਨੀਆ ਦੇ ਸਭ ਤੋਂ ਯੁਵਾ ਦੇਸ਼ ਭਾਰਤ ਦੇ ਮਨ ਵਿੱਚ ਉਮੀਦਾਂ ਹਨ ਤਾਂ ਕੇਂਦਰ ਸਰਕਾਰ ਨੇ ਉਨ੍ਹਾਂ ਇੱਛਾਵਾਂ ਨੂੰ ਬੀਤੇ 12 ਵਰ੍ਹਿਆਂ ਵਿੱਚ ਅਣਗਿਣਤ ਪਹਿਲਕਦਮੀਆਂ ਦੇ ਜ਼ਰੀਏ ਨਵੀਂ ਉਡਾਣ ਦਿੱਤੀ ਹੈ। ਇਸ ਵਾਰ ਦੇ ਸਮਾਰੋਹ ਵਿੱਚ ਪਹਿਲੀ ਵਾਰ ਲਾਲ ਕਿਲ੍ਹੇ ਤੋਂ ਨੌਜਵਾਨਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇੰਟਰਨੈਸ਼ਨਲ ਫਿਜਿਕਸ, ਕੈਮਿਸਟ੍ਰੀ, ਬਾਇਓਲੌਜੀ ਅਤੇ ਮੈਥੇਮੈਟਿਕਸ ਓਲੰਪਿਆਡ -2026 ਵਿੱਚ ਮੈਡਲ ਜਿੱਤਣ ਵਾਲੇ 19 ਵਿਦਿਆਰਥੀਆਂ ਦੀਆਂ ਪ੍ਰਾਪਤੀਆਂ ਵਿਗਿਆਨ ਦੇ ਖੇਤਰ ਵਿੱਚ ਯੁਵਾ ਸ਼ਕਤੀ ਦੀ ਸਫ਼ਲਤਾ ਦੀਆਂ ਉਦਾਹਰਣਾਂ ਹਨ। ਇਨ੍ਹਾਂ ਵਿਦਿਆਰਥੀਆਂ ਨੂੰ ਸੁਤੰਤਰਤਾ ਦਿਵਸ ਸਮਾਰੋਹ ਵਿੱਚ ਸਿਰਫ਼ ਸੱਦਾ ਨਹੀਂ ਦਿੱਤਾ ਗਿਆ, ਸਗੋਂ ਉਨ੍ਹਾਂ ਨੂੰ ਲਾਲ ਕਿਲ੍ਹੇ ਦੀ ਫ਼ਸੀਲ 'ਤੇ ਸਥਾਨ ਦੇ ਕੇ ਵਿਸ਼ੇਸ਼ ਸਨਮਾਨ ਦਿੱਤਾ ਗਿਆ। ਰਾਸ਼ਟਰ ਦੀ ਟੌਪ ਲੀਡਰਸ਼ਿਪ ਦੀ ਨੌਜਵਾਨਾਂ ਦੇ ਪ੍ਰਤੀ ਇਹ ਵਿਸ਼ੇਸ਼ ਸੋਚ ਭਾਰਤ ਨੂੰ ਵਿਕਸਿਤ ਰਾਸ਼ਟਰ ਬਣਾਉਣ ਦੀ ਵਿਸ਼ੇਸ਼ ਪਹਿਲਕਦਮੀ ਦਾ ਗਵਾਹ ਬਣ ਗਿਆ ਹੈ। ਇਸ ਆਯੋਜਨ ਵਿੱਚ ਯੰਗ ਇਨੋਵੇਟਰਸ, ਪ੍ਰਧਾਨ ਮੰਤਰੀ ਇੰਟਰਨਸ਼ਿਪ ਸਕੀਮ ਦੇ ਉੱਤਮ ਟ੍ਰੇਨੀਜ਼, ਉੱਤਮ ਸਟਾਰਟਅੱਪ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਵਿੱਚ ਟ੍ਰੇਂਡ ਉੱਤਮ ਯੁਵਾ, ਮਾਈ ਭਾਰਤ ਦੇ ਉੱਤਮ ਵਲੰਟੀਅਰ, ਨਮਸਤੇ, ਪ੍ਰਧਾਨ ਮੰਤਰੀ ਅਜੈ ਅਤੇ ਸੀਡ ਯੋਜਨਾ ਦੇ ਦੇ ਨਾਲ –ਨਾਲ ਵੱਖ-ਵੱਖ ਯੋਜਨਾਵਾਂ ਦੇ ਲਾਭਪਾਤਰੀਆਂ ਨੂੰ ਵੀ





ਸ਼ਾਮਲ ਕੀਤਾ ਗਿਆ। ਇਹ ਦਰਸਾਉਂਦਾ ਹੈ ਕਿ ਨਵਾਂ ਭਾਰਤ ਆਪਣੇ ਨੌਜਵਾਨਾਂ ਅਤੇ ਹੋਰ ਵਰਗਾਂ ਨੂੰ ਕਿਸ ਤਰ੍ਹਾਂ ਨਾਲ ਨਵੇਂ ਮੌਕੇ ਦੇ ਕੇ ਉਨ੍ਹਾਂ ਦੀਆਂ ਇੱਛਾਵਾਂ ਦੀ ਪੂਰਤੀ ਕਰ ਰਿਹਾ ਹੈ।

## ਵੰਦੇ ਮਾਤਰਮ... ਗੌਰਵਸ਼ਾਲੀ ਵਿਰਾਸਤ ਨਾਲ ਵਿਕਸਿਤ ਭਾਰਤ ਦੀ ਯਾਤਰਾ

ਲਾਲ ਕਿਲ੍ਹੇ ਦੇ ਵਿਹੜੇ ਵਿੱਚ ਵੰਦੇ ਮਾਤਰਮ ਦਾ ਸਿਰਫ਼ ਗਾਇਨ ਨਹੀਂ ਹੋਇਆ, ਸਗੋਂ ਫੁੱਲਾਂ ਦੀ ਸਜਾਵਟ ਤੋਂ ਲੈ ਕੇ ਫ਼ਸੀਲ ਦੇ ਸਾਹਮਣੇ ਗਿਆਨ ਪਥ 'ਤੇ ਵਲੰਟੀਅਰਸ ਦੀ ਵੰਦੇ ਮਾਤਰਮ ਵਾਲੀ ਆਕ੍ਰਿਤੀ ਅਦਭੁਤ ਛਟਾ ਬਿਖੇਰ ਰਹੀ ਸੀ। ਭਾਰਤੀ ਹਵਾਈ ਸੈਨਾ ਦੇ ਐੱਮਆਈ-17 ਹੈਲੀਕੌਪਟਰ ਨੇ ਵੰਦੇ ਮਾਤਰਮ ਦੇ 150 ਵਰ੍ਹਿਆਂ ਦੇ ਜਸ਼ਨ ਵਾਲੇ ਇੱਕ ਵਿਸ਼ੇਸ਼ ਬੈਨਰ ਦੇ ਨਾਲ ਉਡਾਣ ਭਰੀ ਅਤੇ ਲਾਲ ਕਿਲ੍ਹੇ 'ਤੇ ਮੌਜੂਦ ਲੋਕਾਂ ਉੱਪਰ ਫੁੱਲਾਂ ਦੀ ਵਰਖਾ ਕੀਤੀ। ਇਹ ਸਿਰਫ਼ ਵੰਦੇ ਮਾਤਰਮ ਦੇ 150 ਵਰ੍ਹੇ ਪੂਰੇ ਹੋਣ ਦੀ ਯਾਦ ਨਹੀਂ ਸੀ, ਸਗੋਂ ਨਵੇਂ ਭਾਰਤ ਦਾ ਸੰਦੇਸ਼ ਸਾਫ ਹੈ ਕਿ ਜਿਸ ਤਰ੍ਹਾਂ ਨਾਲ ਵੰਦੇ ਮਾਤਰਮ ਗੀਤ, ਭਾਰਤ ਦੇ ਸੁਤੰਤਰਤਾ ਸੰਗ੍ਰਾਮ ਦਾ ਪ੍ਰਤੀਕ ਬਣ ਗਿਆ, ਉਸੇ ਤਰ੍ਹਾਂ ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਵਿੱਚ ਇਹ ਗੀਤ ਨਵੇਂ ਸਿਰ੍ਹੇ ਤੋਂ ਸੋਚਣ ਅਤੇ ਅੱਗੇ ਵਧਣ ਦਾ ਉਤਸ਼ਾਹ ਦੇਵੇਗਾ। 19ਵੀਂ ਸਦੀ ਦੇ ਅੰਤ ਦੇ ਬੌਧਿਕ ਅਤੇ ਸਾਹਿਤ ਮਾਹੌਲ ਤੋਂ ਨਿਕਲਿਆ ਵੰਦੇ ਮਾਤਰਮ ਆਪਣੀਆਂ ਸਾਹਿਤਕ ਜੜ੍ਹਾਂ ਤੋਂ ਅੱਗੇ ਵਧ ਕੇ ਬਸਤੀਵਾਦੀ ਵਿਰੋਧੀ ਪ੍ਰਤੀਰੋਧ ਅਤੇ ਸਮੂਹਿਕ ਇੱਛਾਵਾਂ ਦਾ ਸ਼ਕਤੀਸ਼ਾਲੀ ਪ੍ਰਤੀਕ ਬਣ ਗਿਆ। ਇਹ ਆਯੋਜਨ ਨਾ ਸਿਰਫ਼ ਬੰਕਿਮ ਚੰਦ੍ਰ ਚੱਟੋਪਾਧਿਆਏ ਦੇ ਵਿਜ਼ਨ ਦੀ ਪ੍ਰਾਸੰਗਿਕਤਾ ਦੀ ਪੁਸ਼ਟੀ ਕਰਦਾ ਹੈ, ਸਗੋਂ ਆਧੁਨਿਕ ਭਾਰਤ ਵਿੱਚ ਰਾਸ਼ਟਰਵਾਦ, ਏਕਤਾ ਅਤੇ ਸੱਭਿਆਚਾਰਕ ਆਤਮ ਜਾਗਰੂਕਤਾ ਦੇ ਵਟਾਂਦਰੇ ਨੂੰ ਆਕਾਰ ਦੇਣ ਵਿੱਚ ਇਸ ਗੀਤ ਦੀ ਭੂਮਿਕਾ ਬਾਰੇ ਸੋਚਣ ਲਈ ਵੀ ਪ੍ਰੇਰਿਤ ਕਰਦਾ ਹੈ।

ਇਹੀ ਕਾਰਨ ਹੈ ਕਿ ਇਸ 80ਵੇਂ ਸੁਤੰਤਰਤਾ ਦਿਵਸ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਕਈ ਸਾਹਸੀ ਐਲਾਨ ਕੀਤੇ, ਜੋ ਇੱਕ ਅਜਿਹੇ ਰਾਸ਼ਟਰ ਦਾ ਸੰਕੇਤ ਦਿੰਦੇ ਹਨ, ਜੋ ਭਵਿੱਖ ਵਿੱਚ ਸਿਰਫ਼ ਕਦਮ ਰੱਖਣ ਦੇ ਲਈ ਨਹੀਂ, ਸਗੋਂ ਛਲਾਂਗ ਮਾਰਨ ਦੇ ਲਈ ਤਿਆਰ ਹੈ। ਲਾਲ ਕਿਲ੍ਹੇ ਦੀ ਫ਼ਸੀਲ ਤੋਂ ਪ੍ਰਧਾਨ ਮੰਤਰੀ ਮੋਦੀ ਦਾ ਲਗਾਤਾਰ 13ਵਾਂ ਸੰਬੋਧਨ ਰਾਸ਼ਟਰ ਦੇ ਭਰੋਸੇ ਦਾ ਵੀ ਪ੍ਰਤੀਕ ਹੈ। ਇਸ ਭਰੋਸੇ ਦਾ ਕਾਰਨ ਹੈ ਕਿ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਹੁਣ ਤੱਕ ਕੀਤਾ ਗਿਆ ਹਰ ਐਲਾਨ ਸਾਕਾਰ ਹੋਇਆ ਹੈ।

## ਸਰਬਪੱਖੀ ਵਿਕਾਸ ਅਤੇ ਸਥਾਈ ਹੱਲ

ਪ੍ਰਗਤੀ ਪਥ 'ਤੇ ਅੱਗੇ ਵਧ ਰਹੇ ਇਨ੍ਹਾਂ 12 ਵਰ੍ਹਿਆਂ ਦੀ ਯਾਤਰਾ ਦਾ ਸਭ ਤੋਂ ਸੁਖਾਲਾ ਪਹਿਲੂ ਇਹ ਹੈ ਕਿ ਦਹਾਕਿਆਂ ਤੱਕ ਜਿਨ੍ਹਾਂ ਮੁੱਦਿਆਂ ਨੂੰ ਸਥਾਈ ਸਮੱਸਿਆ ਮੰਨ ਕੇ ਨੀਅਤੀ ਦੇ ਭਰੋਸੇ ਛੱਡ ਦਿੱਤਾ ਗਿਆ ਸੀ, ਉਸ ਦਾ ਸਥਾਈ ਹੱਲ ਹੋਇਆ ਹੈ। ਦ੍ਰਿੜ੍ਹ ਸੰਕਲਪ ਅਤੇ ਇੱਛਾ ਸ਼ਕਤੀ ਪ੍ਰਧਾਨ ਮੰਤਰੀ ਮੋਦੀ ਦੀ ਵਿਸ਼ੇਸ਼ਤਾ ਹੈ, ਜਿਸ ਵਿੱਚ ਕੇਂਦਰ ਸਰਕਾਰ ਦਾ ਵਿਸ਼ੇਸ਼ ਵਾਕ "ਸਬਕਾ ਸਾਥ, ਸਬਕਾ ਵਿਕਾਸ, ਸਬਕਾ ਵਿਸ਼ਵਾਸ ਅਤੇ ਸਬਕਾ ਪ੍ਰਯਾਸ" ਮਹੱਤਵਪੂਰਨ ਅਧਾਰ ਹੈ। ਜੰਮੂ-ਕਸ਼ਮੀਰ ਤੋਂ ਧਾਰਾ 370 ਦੀ ਸਮਾਪਤੀ ਹੋਵੇ ਜਾਂ ਹਰ ਘਰ ਸ਼ੌਚਾਲਯ, ਉੱਜਵਲਾ ਯੋਜਨਾ ਨਾਲ ਸਵੱਛ ਈਂਧਣ ਦੀ ਪਹੁੰਚ, ਨਲ ਸੇ ਜਲ ਯੋਜਨਾ, ਕਾਮਿਆਂ ਦੇ ਲਈ ਸਮਾਜਿਕ ਸੁਰੱਖਿਆ ਕਵਚ, ਆਯੁਸ਼ਮਾਨ ਭਾਰਤ ਨਾਲ 60 ਕਰੋੜ ਤੋਂ ਵੱਧ ਲੋਕਾਂ ਦੇ ਲਈ 5 ਲੱਖ ਰੁਪਏ ਤੱਕ ਦੇ ਮੁਫ਼ਤ ਇਲਾਜ ਦੀ ਸੁਵਿਧਾ, ਭਾਰਤ ਨਿਤ ਨਵੇਂ ਅਧਿਆਏ ਲਿਖ ਰਿਹਾ ਹੈ।



ਅੰਨਦਾਤਾ ਕਿਸਾਨ ਅੱਜ ਵਿਕਸਿਤ ਭਾਰਤ ਦਾ ਅਧਾਰ ਥੰਮ੍ਹ ਬਣ ਕੇ ਉੱਭਰ ਰਹੇ ਹਨ। ਪੀਐੱਮ ਕਿਸਾਨ ਸਨਮਾਨ ਨਿਧੀ, ਪ੍ਰਧਾਨ ਮੰਤਰੀ ਫਸਲ ਬੀਮਾ ਯੋਜਨਾ, ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ, ਫਸਲਾਂ ਦਾ ਘੱਟੋ ਘੱਟ ਸਮਰਥਨ ਮੁੱਲ ਵਧਾਉਣ ਵਰਗੀਆਂ ਦਰਜਨਾਂ ਯੋਜਨਾਵਾਂ ਕਿਸਾਨ ਭਲਾਈ ਅਤੇ ਸਸ਼ਕਤੀਕਰਣ ਦਾ ਅਧਾਰ ਬਣੀਆਂ ਹਨ। ਖੇਤੀਬਾੜੀ ਨੂੰ ਅੱਜ ਇੱਕ ਉਦਯੋਗ ਦੀ ਤਰ੍ਹਾਂ ਵਿਕਸਿਤ ਕੀਤਾ ਜਾ ਰਿਹਾ ਹੈ।

ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਨਾਰੀ ਸ਼ਕਤੀ ਦਾ ਯੋਗਦਾਨ ਮਹੱਤਵਪੂਰਨ ਹੈ, ਇਹੀ ਕਾਰਨ ਹੈ ਕਿ ਨਾਰੀ ਦੀ ਅਗਵਾਈ ਵਿੱਚ ਵਿਕਾਸ ਇੱਕ ਨਵੀਂ ਪਰਿਭਾਸ਼ਾ ਬਣ ਗਈ ਹੈ। ਸੁਕੰਨਿਆ ਸਮ੍ਰਿੱਧੀ ਯੋਜਨਾ, ਬੇਟੀ ਬਚਾਓ, ਬੇਟੀ ਪੜ੍ਹਾਓ ਅਭਿਆਨ, 26 ਹਫ਼ਤਿਆਂ ਦੀ ਮਾਤ੍ਰਿਤਵ ਛੁੱਟੀ, ਰੁਜ਼ਗਾਰ-ਸਵੈ ਰੁਜ਼ਗਾਰ ਵਿੱਚ ਬਰਾਬਰ ਮੌਕੇ, ਰਾਸ਼ਟਰ ਨਿਰਮਾਣ ਵਿੱਚ ਨਾਰੀ ਸ਼ਕਤੀ ਭਾਗੀਦਾਰ ਬਣ ਰਹੀ ਹੈ। ਲੋਕ ਸਭਾ-ਵਿਧਾਨ ਸਭਾਵਾਂ ਵਿੱਚ 33 ਪ੍ਰਤੀਸ਼ਤ ਮਹਿਲਾ ਰਾਖਵਾਂਕਰਣ ਹੁਣ ਅਸਲੀਅਤ ਬਣ ਚੁੱਕਿਆ ਹੈ। ਇਸ ਨੂੰ ਜਲਦੀ ਤੋਂ ਜਲਦੀ ਜ਼ਮੀਨੀ ਪੱਧਰ 'ਤੇ ਲਾਗੂ ਕਰਨ ਦੀ ਵਚਨਬੱਧਤਾ ਇੱਕ ਵਾਰ ਫਿਰ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦੁਹਰਾਈ ਗਈ। ਅੰਦਰੂਨੀ ਸੁਰੱਖਿਆ ਦੇ ਮਾਮਲੇ ਵਿੱਚ ਇਹ ਪਿਛਲੇ 12 ਵਰ੍ਹਿਆਂ ਦੀਆਂ ਸਭ ਤੋਂ ਮਹੱਤਵਪੂਰਨ ਪ੍ਰਾਪਤੀਆਂ ਵਿੱਚੋਂ ਇੱਕ ਹੈ। ਕੱਲ੍ਹ ਤੱਕ ਜੋ ਰੈੱਡ ਕੌਰੀਡੋਰ ਕਹੇ ਜਾਂਦੇ ਸਨ, ਅੱਜ ਗ੍ਰੀਨ ਗ੍ਰੋਥ ਜ਼ੋਨ ਬਣਨ ਲੱਗੇ ਹਨ। ਕਬਾਇਲੀ ਖੇਤਰਾਂ ਵਿੱਚ ਹੁਣ ਵਿਕਾਸ ਦਾ ਸੂਰਜ ਉੱਗ ਰਿਹਾ ਹੈ।

ਦੇਸ਼ ਦੇ ਰਾਜਮਾਰਗਾਂ, ਰੇਲਮਾਰਗਾਂ, ਹਵਾਈ ਅੱਡਿਆਂ ਅਤੇ ਜਲਮਾਰਗਾਂ ਦਾ ਬੇਮਿਸਾਲ ਵਿਸਥਾਰ ਹੋਇਆ। ਵੰਦੇ ਭਾਰਤ ਐਕਸਪ੍ਰੈੱਸ ਨੇ ਰੇਲ ਯਾਤਰਾ ਨੂੰ 'ਸਵਦੇਸ਼ੀ, ਸਪੀਡ ਅਤੇ ਸੁਵਿਧਾ' ਦੀ ਤ੍ਰਿਵੇਣੀ ਬਣਾ ਦਿੱਤਾ ਹੈ। ਪੀਐੱਮ ਗਤੀਸ਼ਕਤੀ ਨੇ ਮਲਟੀ- ਮਾਡਲ ਕਨੈਕਟੀਵਿਟੀ ਦੇ ਸੰਕਲਪ ਨੂੰ ਸਾਕਾਰ ਕੀਤਾ ਹੈ। 'ਡਿਜੀਟਲ ਇੰਡੀਆ ' ਨੇ ਦੂਰ-ਦੁਰਾਡੇ ਪਿੰਡਾਂ ਤੱਕ ਇੰਟਰਨੈੱਟ ਦੀ ਪਹੁੰਚ ਨੂੰ ਯਕੀਨੀ ਬਣਾ ਕੇ ਤਕਨੀਕ ਨਾਲ ਪਰਿਵਰਤਨ ਦੇ ਨਵੇਂ ਯੁੱਗ ਦੀ ਸ਼ੁਰੂਆਤ ਕਰ ਦਿੱਤੀ ਹੈ। ਯੂਪੀਆਈ ਨੇ ਭਾਰਤ ਨੂੰ ਵਿਸ਼ਵ ਵਿੱਚ ਡਿਜੀਟਲ ਭੁਗਤਾਨ ਦਾ ਮੋਹਰੀ ਦੇਸ਼ ਬਣਾ ਦਿੱਤਾ ਹੈ।

### ਸਪਤ ਧਾਰਾ ਨਾਲ ਵਿਕਸਿਤ ਭਾਰਤ ਨੂੰ ਨਵੀਂ ਸ਼ਕਤੀ

ਬੀਤੇ 12 ਵਰ੍ਹਿਆਂ ਵਿੱਚ ਭਾਰਤ ਨੇ ਰਿਫੌਰਮ ਦੀ ਨਵੀਂ ਰਫ਼ਤਾਰ ਫੜੀ ਹੈ। ਪਰ ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਵਿੱਚ ਨਿਰੰਤਰ ਨਵੇਂ ਸੁਧਾਰਾਂ ਦੇ ਨਾਲ ਉਸ ਨੂੰ ਨੈਕਸਟ ਲੈਵਲ 'ਤੇ ਲੈ ਜਾਣ ਦੀ ਜ਼ਰੂਰਤ ਹੈ। ਇਸ ਦੇ ਲਈ ਸਰਕਾਰ ਹੋਵੇ ਜਾਂ ਸਮਾਜ, ਉਦਯੋਗ ਹੋਵੇ ਜਾਂ ਉਤਪਾਦਕ, ਕਿਸਾਨ ਹੋਵੇ ਜਾਂ ਆਮ ਨਾਗਰਿਕ, ਸਾਰਿਆਂ ਨੂੰ ਰਵਾਇਤੀ ਵਿਵਸਥਾ ਅਤੇ ਸੋਚ ਵਿੱਚ ਤਬਦੀਲੀ ਲਿਆਉਣੀ ਹੋਵੇਗੀ। ਇਸੇ ਮੰਤਰ ਦੇ ਨਾਲ ਪ੍ਰਧਾਨ ਮੰਤਰੀ ਮੋਦੀ ਨੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਸਪਤ ਧਾਰਾ ਦਾ ਸੱਦਾ ਦਿੱਤਾ।

**ਸਪਤ ਧਾਰਾ ਦੀ ਪਹਿਲੀ ਸ਼ਕਤੀ ਹੈ –ਮੈਨੂਫੈਕਚਰਿੰਗ ਪਾਵਰ।**
**ਸਪਤ ਧਾਰਾ ਦੀ ਦੂਸਰੀ ਸ਼ਕਤੀ ਹੈ – ਖੇਤੀਬਾੜੀ ਅਤੇ ਫੂਡ ਪ੍ਰੋਡਕਸ਼ਨ।**
**ਸਪਤ ਧਾਰਾ ਦੀ ਤੀਸਰੀ ਸ਼ਕਤੀ ਹੈ – ਤਕਨਾਲੋਜੀ ਅਤੇ ਨਵੀਨਤਾ।**
**ਸਪਤ ਧਾਰਾ ਦੀ ਚੌਥੀ ਸ਼ਕਤੀ ਹੈ – ਗਤੀ ਸ਼ਕਤੀ।**
**ਸਪਤ ਧਾਰਾ ਦੀ ਪੰਜਵੀਂ ਸ਼ਕਤੀ ਹੈ – ਰੱਖਿਆ ਸ਼ਕਤੀ।**
**ਸਪਤ ਧਾਰਾ ਦੀ ਛੇਵੀਂ ਸ਼ਕਤੀ ਹੈ – ਗ੍ਰੀਨ ਇਕੌਨਮੀ, ਬਲੂ ਇਕੌਨਮੀ।**
**ਸਪਤ ਧਾਰਾ ਦੀ ਸੱਤਵੀਂ ਸ਼ਕਤੀ ਹੈ – ਭਾਰਤ ਦੀ ਸੌਫਟ ਪਾਵਰ।**

ਇਸ ਸਪਤ ਧਾਰਾ ਦੇ ਜ਼ਰੀਏ ਭਾਰਤ ਨੇ ਸੰਕਲਪ ਲਿਆ ਹੈ ਕਿ ਪਿਛਲੇ 5-7 ਦਹਾਕਿਆਂ ਵਿੱਚ ਜੋ ਕੰਮ ਨਹੀਂ ਹੋਏ, ਉਸ ਨੂੰ ਅਗਲੇ 5-7 ਵਰ੍ਹਿਆਂ ਵਿੱਚ ਇਸ ਨਵੀਂ ਧਾਰਾ ਰਾਹੀਂ ਪੂਰਾ ਕਰਨਾ ਹੈ। ਇਸ ਸਪਤ ਧਾਰਾ ਦੀ ਸਮਰੱਥਾ ਨਾਲ ਰਾਸ਼ਟਰ ਦੀ ਸੋਚ ਅਤੇ ਦੇਸ਼ ਨੂੰ ਨਵੀਂ ਉਚਾਈ, ਨਵੀਂ ਗਤੀ ਦੇਣਗੇ।


ਨਿਸ਼ਚਿਤ ਤੌਰ 'ਤੇ 80ਵਾਂ ਸੁਤੰਤਰਤਾ ਦਿਵਸ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਨਿਰੰਤਰ 13ਵਾਂ ਸੰਬੋਧਨ ਇਸ ਗੱਲ ਦਾ ਗਵਾਹ ਬਣ ਗਿਆ ਕਿ ਬੀਤੇ 12 ਵਰ੍ਹਿਆਂ ਵਿੱਚ ਭਵਿੱਖ ਦੇ ਵਿਕਸਿਤ ਭਾਰਤ ਦੇ ਸੰਕਲਪ ਦੀ ਸਿੱਧੀ ਦੀ ਦਿਸ਼ਾ ਵਿੱਚ ਜੋ ਕਦਮ ਵਧਾਇਆ ਗਿਆ ਹੈ, ਉਸ ਤਬਦੀਲੀ ਦਾ ਗਵਾਹ ਬਣ ਰਿਹਾ ਵਰਤਮਾਨ, ਸੁਨਹਿਰੀ ਇਤਿਹਾਸ ਜ਼ਰੂਰ ਲਿਖੇਗਾ।

***ਆਓ ਜਾਣਦੇ ਹਾਂ 13 ਖੇਤਰਾਂ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਸੰਬੋਧਨ ਦੇ ਸਾਰ ਦੀ ਪੜਚੋਲ, ਜਿਸ ਨੇ ਵਿਕਸਿਤ ਭਾਰਤ ਵੱਲ ਵਧ ਰਹੇ ਰਾਸ਼ਟਰ ਨੂੰ ਦਿੱਤੀ ਹੈ ਨਵੀਂ ਦਿਸ਼ਾ ...***

# ਵੰਦੇ ਮਾਤਰਮ ਦੇ 150 ਵਰ੍ਹੇ
# 80ਵਾਂ ਸੁਤੰਤਰਤਾ ਦਿਵਸ

*ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਲਾਲ ਕਿਲ੍ਹੇ 'ਤੇ ਵੰਦੇ ਮਾਤਰਮ ਗੂੰਜਿਆ। ਪੀਐੱਮ ਮੋਦੀ ਨੇ ਇਸ ਨੂੰ ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਦੇ ਇਤਿਹਾਸਕ ਮੌਕੇ ਨਾਲ ਜੋੜਿਆ...*

- ਅੱਜ ਅਸੀਂ ਸਾਰੇ 80ਵਾਂ ਸੁਤੰਤਰਤਾ ਦਿਵਸ ਮਨਾ ਰਹੇ ਹਾਂ। ਅੱਜ ਹਰ ਦਿਲ ਦੀ ਧੜਕਣ ਵੰਦੇ ਮਾਤਰਮ ਦੀ ਆਵਾਜ਼-ਨਾਲ ਗੂੰਜ ਰਹੀ ਹੈ।
- ਅੱਜ ਹਰ ਘਰ ਤਿਰੰਗਾ ਹੈ, ਹਰ ਮਨ ਤਿਰੰਗਾ ਹੈ ਅਤੇ ਦੇਸ਼ ਉਤਸ਼ਾਹ ਅਤੇ ਉਮੰਗ ਨਾਲ ਨਵੇਂ ਸੰਕਲਪਾਂ ਨੂੰ ਲੈ ਕੇ ਅੱਜ ਅੱਗੇ ਵਧ ਰਿਹਾ ਹੈ।
- ਦੇਸ਼ ਅੱਜ ਉਨ੍ਹਾਂ ਮਹਾਨ ਸਪੂਤਾਂ ਨੂੰ ਸ਼ਰਧਾ ਨਾਲ ਯਾਦ ਕਰਦਾ ਹੈ, ਜਿਨ੍ਹਾਂ ਨੇ ਦੇਸ਼ ਦੀ ਆਜ਼ਾਦੀ ਲਈ ਤਿਆਗ ਅਤੇ ਕੁਰਬਾਨੀ ਦਿੱਤੀ।
- ਆਜ਼ਾਦੀ ਤੋਂ ਬਾਅਦ 15 ਅਗਸਤ ਨੂੰ ਲਾਲ ਕਿਲ੍ਹੇ 'ਤੇ ਪਹਿਲੀ ਵਾਰ ਵੰਦੇ ਮਾਤਰਮ ਗੂੰਜ ਰਿਹਾ ਹੈ। ਅੱਜ ਜਦੋਂ ਅਸੀਂ ਦੇਸ਼ ਦੇ ਲੋਕ ਵੰਦੇ ਮਾਤਰਮ ਦੇ 150 ਵਰ੍ਹੇ ਮਨਾ ਰਹੇ ਹਾਂ, ਤਾਂ ਇਸ ਤੋਂ ਵੱਡਾ ਉੱਤਮ ਮੌਕਾ ਹੋਰ ਕੀ ਹੋ ਸਕਦਾ ਹੈ।
- ਪਿਛਲੇ ਦਿਨੀਂ, ਦੇਸ਼ ਦੇ ਕੁਝ ਹਿੱਸਿਆਂ ਵਿੱਚ ਹੜ੍ਹਾਂ ਦਾ ਪ੍ਰਕੋਪ ਰਿਹਾ, ਜ਼ਮੀਨ ਖਿਸਕਣ ਦਾ ਪ੍ਰਕੋਪ ਰਿਹਾ, ਕਈ ਪਰਿਵਾਰ ਪ੍ਰਭਾਵਿਤ ਹੋਏ। ਉਨ੍ਹਾਂ ਦੇ ਦੁੱਖ-ਦਰਦ ਨੂੰ ਅਸੀਂ ਚੰਗੀ ਤਰ੍ਹਾਂ ਮਹਿਸੂਸ ਕਰਦੇ ਹਾਂ। ਪੀੜ੍ਹਤ ਪਰਿਵਾਰਾਂ ਨੂੰ ਮੈਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਅਸੀਂ ਅਤੇ ਪੂਰਾ ਦੇਸ਼ ਉਨ੍ਹਾਂ ਦੇ ਨਾਲ ਖੜ੍ਹੇ ਹਾਂ।



**"ਅੱਜ ਅਸੀਂ ਸਾਰੇ 80ਵਾਂ ਸੁਤੰਤਰਤਾ ਦਿਵਸ ਮਨਾ ਰਹੇ ਹਾਂ। ਅੱਜ ਹਰ ਦਿਲ ਦੀ ਧੜਕਣ ਵੰਦੇ ਮਾਤਰਮ ਦੀ ਆਵਾਜ਼ ਨਾਲ ਗੂੰਜ ਰਹੀ ਹੈ। ਅੱਜ ਹਰ ਘਰ ਤਿਰੰਗਾ ਹੈ, ਹਰ ਮਨ ਤਿਰੰਗਾ ਹੈ ਅਤੇ ਦੇਸ਼ ਉਤਸ਼ਾਹ ਅਤੇ ਉਮੰਗ ਨਾਲ ਨਵੇਂ ਸੰਕਲਪਾਂ ਨੂੰ ਲੈ ਕੇ ਅੱਜ ਅੱਗੇ ਵਧ ਰਿਹਾ ਹੈ। "**

*(ਸੁਤੰਤਰਤਾ ਦਿਵਸ 2026 ਵਿੱਚ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)*

ਸੁਤੰਤਰਤਾ ਦਿਵਸ 2026 ਦੀ ਤਸਵੀਰ

# ਵਿਕਸਿਤ ਭਾਰਤ @2047 ਦਾ ਸੰਕਲਪ

*2047 ਵਿੱਚ ਆਜ਼ਾਦੀ ਦੇ 100 ਵਰ੍ਹੇ ਪੂਰੇ ਹੋਣ 'ਤੇ ਵਿਕਸਿਤ ਭਾਰਤ ਬਣਾਉਣ ਦੇ ਸੰਕਲਪ ਨੂੰ ਪੀਐੱਮ ਮੋਦੀ ਨੇ 140 ਕਰੋੜ ਦੇਸ਼ਵਾਸੀਆਂ ਦੀ ਮਿਹਨਤ ਨਾਲ ਜੋੜਿਆ...*

- ਕੋਈ ਵੀ ਰਾਸ਼ਟਰ ਉਦੋਂ ਮਹਾਨ ਬਣਦਾ ਹੈ, ਉਦੋਂ ਆਪਣੀਆਂ ਸਿੱਧੀਆਂ ਨੂੰ ਪ੍ਰਾਪਤ ਕਰਦਾ ਹੈ, ਜਦੋਂ ਆਪਣੇ ਸੁਪਨਿਆਂ, ਆਪਣੇ ਸੰਕਲਪਾਂ ਅਤੇ ਆਪਣੀ ਸਮਰੱਥਾ ਦੇ ਦਮ 'ਤੇ ਅੱਗੇ ਵਧਦਾ ਹੈ।
- ਹੁਣ ਛੋਟੇ ਸੁਪਨਿਆਂ ਨਾਲ ਕੰਮ ਨਹੀਂ ਚੱਲਣ ਵਾਲਾ, ਸਾਨੂੰ ਵੱਡੇ ਸੁਪਨੇ ਚਾਹੀਦੇ ਹਨ ਕਿਉਂਕਿ ਵੱਡੇ ਸੁਪਨੇ ਸਾਡੀ ਸੋਚ ਨੂੰ ਵੀ ਵਿਸਥਾਰ ਦਿੰਦੇ ਹਨ। ਸਾਡੀ ਸੋਚ ਦੇ ਦਾਇਰੇ ਨੂੰ ਵੀ ਵਿਸਤ੍ਰਿਤ ਕਰਦੇ ਹਨ। ਸਾਡੇ ਸੰਕਲਪ ਦ੍ਰਿੜ੍ਹ ਹੋਣੇ ਚਾਹੀਦੇ ਹਨ, ਜਦੋਂ ਸੰਕਲਪ ਦ੍ਰਿੜ੍ਹ ਹੁੰਦਾ ਹੈ, ਤਾਂ ਮੁਸ਼ਕਲਾਂ ਤੋਂ, ਆਫ਼ਤਾਂ ਦੇ ਵਿਚਕਾਰੋਂ ਰਸਤੇ ਕੱਢਣ ਦੀ ਸਮਰੱਥਾ ਆਪਣੇ ਆਪ ਉਭਰ ਕੇ ਆਉਂਦੀ ਹੈ।
- ਸਾਡੇ ਸੰਕਲਪ ਵੀ ਉੱਚੇ ਹੋਣੇ ਚਾਹੀਦੇ ਹਨ ਕਿਉਂਕਿ ਜਦੋਂ ਸੁਪਨੇ ਉੱਚੇ ਹੁੰਦੇ ਹਨ, ਸੰਕਲਪ ਉੱਚੇ ਹੁੰਦੇ ਹਨ, ਤਾਂ ਸਾਡੀ ਸਮਰੱਥਾ ਦੀ ਉਚਾਈ ਵੀ ਵਧਦੀ ਹੈ, ਸਾਡੇ ਯਤਨਾਂ ਦੀ ਉਚਾਈ ਵੀ ਵਧਦੀ ਹੈ ਅਤੇ ਉਦੋਂ ਜਾ ਕੇ ਅਸੀਂ ਸੁਪਨਿਆਂ ਨੂੰ ਸਾਕਾਰ ਕਰ ਸਕਦੇ ਹਾਂ।
- ਦੇਸ਼ ਬਹੁਤ ਸਾਰੇ ਸੁਪਨੇ ਲੈ ਕੇ ਆਜ਼ਾਦ ਹੋਇਆ, ਪਰ ਅਸੀਂ ਗਤੀ ਨਹੀਂ ਫੜ ਸਕੇ, ਰਫ਼ਤਾਰ ਨਹੀਂ ਫੜ ਸਕੇ। ਹੁੰਦੀ ਹੈ, ਚਲਦੀ ਹੈ, ਹੋ ਜਾਵੇਗਾ, ਦੇਖਿਆ ਜਾਵੇਗਾ, ਉਸੇ ਵਿੱਚ ਗੁਆਚੇ ਰਹੇ। 2014 ਤੱਕ ਆਉਂਦਿਆਂ-ਆਉਂਦਿਆਂ ਤਾਂ ਪੂਰੀ ਦੁਨੀਆ ਨੇ ਸਾਨੂੰ ਫ੍ਰੈਜਾਈਲ ਫਾਈਵ ਵਿੱਚ ਸੁੱਟ ਦਿੱਤਾ ਸੀ।
- 2047 ਵਿੱਚ ਜੋ ਆਜ਼ਾਦੀ ਦੇ 100 ਵਰ੍ਹੇ ਹੋਣਗੇ, ਅਸੀਂ ਵਿਕਸਿਤ ਭਾਰਤ ਬਣਾ ਕੇ ਰਹਾਂਗੇ, 140 ਕਰੋੜ ਦੇਸ਼ਵਾਸੀਆਂ ਦੀ ਮਿਹਨਤ ਨਾਲ ਇਸ ਟੀਚੇ ਨੂੰ ਅਸੀਂ ਹਾਸਲ ਕਰਨਾ ਹੈ।
- ਪਿਛਲੇ 12 ਵਰ੍ਹਿਆਂ ਵਿੱਚ ਹਰ ਤਬਕੇ ਨੇ ਸੰਕਲਪ, ਸਮਰਪਣ ਨਾਲ ਦੇਸ਼ ਨੂੰ ਨਵੀਆਂ ਉਚਾਈਆਂ 'ਤੇ ਲੈ ਜਾਣ ਦਾ ਯਤਨ ਕੀਤਾ। 25 ਕਰੋੜ ਦੇਸ਼ਵਾਸੀ, ਗ਼ਰੀਬੀ ਨੂੰ ਹਰਾ ਕੇ ਬਾਹਰ ਨਿਕਲੇ ਹਨ।
- ਅਸੀਂ ਫ੍ਰੈਜਾਈਲ ਫਾਈਵ ਵਿੱਚ ਗਿਣੇ ਜਾਂਦੇ ਸੀ, 12 ਵਰ੍ਹਿਆਂ ਦੇ ਅੰਦਰ-ਅੰਦਰ ਅਸੀਂ ਸਭ ਤੋਂ ਤੇਜ਼ੀ ਨਾਲ ਵਧਦੀ ਵੱਡੀ ਆਰਥਿਕਤਾ ਬਣ ਗਏ ਹਾਂ।
- 2047 ਵਿੱਚ ਅਸੀਂ ਵਿਕਸਿਤ ਭਾਰਤ ਬਣਾ ਕੇ ਰਹਾਂਗੇ। 140 ਕਰੋੜ ਦੇਸ਼ਵਾਸੀਆਂ ਦੀ ਮਿਹਨਤ ਨਾਲ ਇਸ ਟੀਚੇ ਨੂੰ ਅਸੀਂ ਹਾਸਲ ਕਰਨਾ ਹੈ।

**"ਹੁਣ ਅਸੀਂ ਇੱਕ ਨਿਊ ਨੌਰਮਲ ਸਥਾਪਿਤ ਕੀਤਾ, ਅੱਤਵਾਦ ਨੂੰ ਅਤੇ ਅੱਤਵਾਦੀਆਂ ਦਾ ਪਾਲਣ-ਪੋਸ਼ਣ ਕਰਨ ਵਾਲਿਆਂ ਨੂੰ, ਅੱਤਵਾਦੀਆਂ ਨੂੰ ਤਾਕਤ ਦੇਣ ਵਾਲਿਆਂ ਨੂੰ, ਅਸੀਂ ਹੁਣ ਵੱਖ-ਵੱਖ ਨਹੀਂ ਮੰਨਾਂਗੇ।"**

(ਸੁਤੰਤਰਤਾ ਦਿਵਸ 2025 ਵਿੱਚ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)



ਸੁਤੰਤਰਤਾ ਦਿਵਸ 2025 ਦੀ ਤਸਵੀਰ


## ਸਮਾਵੇਸ਼ੀ ਵਿਕਾਸ ਦੇ 12 ਵਰ੍ਹੇ

# ਸਪੀਡ-ਸਕੇਲ ਨੂੰ ਪਰਿਭਾਸ਼ਿਤ ਕਰਨਾ

*ਪ੍ਰਧਾਨ ਮੰਤਰੀ ਨੇ ਪਿਛਲੇ 12 ਵਰ੍ਹਿਆਂ ਵਿੱਚ ਮੈਨੂਫੈਕਚਰਿੰਗ, ਡਿਜੀਟਲ ਅਤੇ ਆਮ ਨਾਗਰਿਕਾਂ ਦੀਆਂ ਸੁਵਿਧਾਵਾਂ ਵਿੱਚ ਹੋਈ ਤਰੱਕੀ ਦੇ ਉਨ੍ਹਾਂ ਅੰਕੜਿਆਂ ਨੂੰ ਗਿਣਾਇਆ, ਜੋ ਬਣ ਗਏ ਹਨ ਨਵੇਂ ਭਾਰਤ ਦੀ ਗਤੀ ਅਤੇ ਤਰੱਕੀ ਦਾ ਅਧਾਰ...*

- ਪਿਛਲੇ 12 ਵਰ੍ਹਿਆਂ ਵਿੱਚ ਡਿਫੈਂਸ ਪ੍ਰੋਡਕਸ਼ਨ ਕਰੀਬ 4 ਗੁਣਾ ਹੋਇਆ।
- ਖਾਦੀ ਅਤੇ ਗ੍ਰਾਮ ਉਦਯੋਗ ਦਾ ਉਤਪਾਦਨ ਲਗਭਗ 5 ਗੁਣਾ, ਇਲੈਕਟ੍ਰੌਨਿਕ ਮੈਨੂਫੈਕਚਰਿੰਗ ਲਗਭਗ 7 ਗੁਣਾ ਵਧਿਆ।
- ਆਧੁਨਿਕ ਰੇਲਵੇ ਕੋਚ ਦਾ ਨਿਰਮਾਣ 21 ਗੁਣਾ, ਮੋਬਾਈਲ ਫੋਨ ਉਤਪਾਦਨ 35 ਗੁਣਾ ਵਧਿਆ।
- ਇੰਟਰਨੈੱਟ ਯੂਜ਼ਰ ਕਰੀਬ 4 ਗੁਣਾ ਵਧੇ, ਪੇਟੈਂਟ ਗ੍ਰਾਂਟ ਹੋਣ ਦੀ ਗਿਣਤੀ 4 ਗੁਣਾ ਵਧੀ, ਡਿਜੀਟਲ ਟ੍ਰਾਂਜੈਕਸ਼ਨ 100 ਗੁਣਾ ਵਧੀ।
- ਹਰ ਵਰ੍ਹੇ ਔਸਤਨ 15 ਗੁਣਾ ਵੱਧ ਤੇਜ਼ੀ ਨਾਲ ਨਲ ਤੋਂ ਜਲ, ਛੇ ਗੁਣਾ ਰਫ਼ਤਾਰ ਨਾਲ ਗੈਸ ਕਨੈਕਸ਼ਨ ਦਿੱਤੇ ਗਏ।
- ਚਾਰ ਗੁਣਾ ਰਫ਼ਤਾਰ ਨਾਲ ਗ਼ਰੀਬਾਂ ਨੂੰ ਪਖਾਨੇ, ਤਿੰਨ ਗੁਣਾ ਤੇਜ਼ੀ ਨਾਲ ਗ਼ਰੀਬਾਂ ਨੂੰ ਘਰ ਦੇਣ ਦਾ ਕੰਮ ਕੀਤਾ।
- ਹਜ਼ਾਰਾਂ ਅਨੁਪਾਲਣ ਅਤੇ ਸੈਂਕੜੇ ਪੁਰਾਣੇ ਕਾਨੂੰਨ ਖਤਮ ਕੀਤੇ।

  ਪਿਛਲੀ ਸ਼ਤਾਬਦੀ ਦੇ ਕਾਨੂੰਨਾਂ ਨਾਲ 21ਵੀਂ ਸਦੀ ਦੀ ਯਾਤਰਾ ਨਹੀਂ ਹੋ ਸਕਦੀ।
- ਅਸੀਂ ਆਧੁਨਿਕ ਇਨਫ੍ਰਾਸਟ੍ਰਕਚਰ ਦੇ ਲਈ ਮੈਟਰੋ ਦਾ ਵਿਸਤਾਰ ਕੀਤਾ ਹੈ, ਅਸੀਂ ਪਬਲਿਕ ਟ੍ਰਾਂਸਪੋਰਟ ਨੂੰ ਤਾਕਤ ਦਿੱਤੀ।
- ਜਿਸ ਸਪੀਡ ਅਤੇ ਸਕੇਲ 'ਤੇ ਕੰਮ ਕੀਤਾ, ਇਹ ਸਭ ਇਹ ਰਫ਼ਤਾਰ, ਇਹ ਵਿਸਤਾਰ, ਇਹ ਮੁਕਾਮ ਆਜ਼ਾਦੀ ਤੋਂ ਬਾਅਦ ਪਹਿਲੀ ਵਾਰ ਪਿਛਲੇ ਇੱਕ ਦਹਾਕੇ ਨੇ ਦੇਖਿਆ ਹੈ।
- ਜਦੋਂ ਇੰਨੀਆਂ ਸਾਰੀਆਂ ਸਿੱਧੀਆਂ ਸਾਡੇ ਸਾਹਮਣੇ ਹੋਣ, ਇੰਨੀ ਤੇਜ਼ ਗਤੀ ਦਿਖਾਈ ਦਿੰਦੀ ਹੋਵੇ, ਦੇਸ਼ਵਾਸੀਆਂ ਦੀ ਸਮਰੱਥਾ ਪਲ-ਪਲ ਮਜ਼ਬੂਤ ਹੁੰਦੀ ਹੋਵੇ, ਉਦੋਂ ਤਾਂ 2047 ਵਿੱਚ ਵਿਕਸਿਤ ਭਾਰਤ ਬਣਨ ਦਾ ਸੰਕਲਪ ਕਦੇ ਵੀ ਅਧੂਰਾ ਨਹੀਂ ਰਹਿ ਸਕਦਾ।



ਸੁਤੰਤਰਤਾ ਦਿਵਸ 2024 ਦੀ ਤਸਵੀਰ

**"ਸਾਡਾ ਇੱਕ ਹੀ ਸੰਕਲਪ ਹੁੰਦਾ ਹੈ- Nation First – ਰਾਸ਼ਟਰਹਿਤ ਸਰਬੋਤਮ। ਇਹ ਮੇਰਾ ਭਾਰਤ ਮਹਾਨ ਬਣੇ ਇਸੇ ਸੰਕਲਪ ਨੂੰ ਲੈ ਕੇ ਅਸੀਂ ਕਦਮ ਚੁੱਕਦੇ ਹਾਂ।"**

(ਸੁਤੰਤਰਤਾ ਦਿਵਸ 2024 ਵਿੱਚ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)

# ਆਤਮਨਿਰਭਰ ਭਾਰਤ: ਸੈਮੀਕੰਡਕਟਰ ਅਤੇ ਕ੍ਰਿਟੀਕਲ ਮਿਨਰਲ

*ਆਤਮਨਿਰਭਰਤਾ ਨੂੰ ਆਪਣਾ ਦ੍ਰਿੜ੍ਹ ਵਿਸ਼ਵਾਸ ਅਤੇ ਆਸਥਾ ਜਿਹਾ ਦੱਸਦੇ ਹੋਏ ਪੀਐੱਮ ਮੋਦੀ ਨੇ ਸੈਮੀਕੰਡਕਟਰ ਅਤੇ ਕ੍ਰਿਟੀਕਲ ਮਿਨਰਲ ਵਿੱਚ ਭਾਰਤ ਦੀ ਨਵੀਂ ਸ਼ਕਤੀ ਨੂੰ ਰੇਖਾਂਕਿਤ ਕੀਤਾ...*

- ਆਤਮਨਿਰਭਰਤਾ ਦੇ ਲਈ ਆਤਮਵਿਸ਼ਵਾਸ: ਬੀਤੇ ਵਰ੍ਹਿਆਂ ਵਿੱਚ ਸਾਡਾ ਦ੍ਰਿੜ੍ਹ ਵਿਸ਼ਵਾਸ ਰਿਹਾ ਹੈ ਕਿ ਭਾਰਤ ਨੂੰ ਹੁਣ ਦੂਜੇ ਦੇਸ਼ਾਂ ’ਤੇ ਨਿਰਭਰ ਰਹਿ ਕੇ ਨਹੀਂ ਜਿਉਣਾ ਚਾਹੀਦਾ ਹੈ, ਸਾਨੂੰ ਆਤਮਨਿਰਭਰ ਬਣਨਾ ਹੈ।
- ਦੁਨੀਆ ਵਿੱਚ ਸਸਤਾ ਮਿਲਦਾ ਹੈ, ਜਲਦੀ ਮਿਲ ਸਕਦਾ ਹੈ, ਪਰ ਉਸ ਨਾਲ ਸਾਡਾ ਸਮਰੱਥ ਤਿਆਰ ਨਹੀਂ ਹੁੰਦਾ, ਨਾ ਸਾਡੇ ਸਮਰੱਥ ਦੀ ਕਸੌਟੀ ਹੁੰਦੀ ਹੈ ਅਤੇ ਇਸ ਲਈ ਸਾਨੂੰ ਆਪਣੀਆਂ ਸਮਰੱਥਾਵਾਂ ਨੂੰ ਵਧਾਉਣਾ ਹੈ, ਆਪਣੇ ਹਿਤਾਂ ਦੀ ਸੁਰੱਖਿਆ ਕਰਨੀ ਹੈ।
- ਆਤਮਨਿਰਭਰਤਾ ਦਾ ਸੰਕਲਪ ਲੈ ਕੇ ਅਸੀਂ ਬਹੁਤ ਦ੍ਰਿੜ੍ਹਤਾ ਨਾਲ ਅੱਗੇ ਵਧ ਰਹੇ ਹਨ। ਮੇਕ ਇਨ ਇੰਡੀਆ, ਵੋਕਲ ਫੋਰ ਲੋਕਲ, ਇਨ੍ਹਾਂ ਸਾਰੇ ਖੇਤਰਾਂ ਵਿੱਚ ਅੱਜ ਹਰ ਭਾਰਤੀ ਦਾ ਮਨ ਜੁੜ ਰਿਹਾ ਹੈ।
- ਇਲੈਕਟ੍ਰੌਨਿਕ ਗੁਡਸ, ਮੈਡੀਕਲ ਇਕੁਵਿਪਮੈਂਟ, ਹਰ ਕਿਸੇ ਵਿੱਚ ਚਿਪ ਲਾਜ਼ਮੀ ਹੈ।
- ਹੁਣ ਭਾਰਤ ਦੇ ਤਿੰਨ ਸੈਮੀਕੰਡਕਟਰ ਪਲਾਂਟ ਸ਼ੁਰੂ ਹੋ ਚੁੱਕੇ ਹਨ, ਉੱਥੋਂ ਉਤਪਾਦਨ ਐਕਸਪੋਰਟ ਹੋਣਾ ਸ਼ੁਰੂ ਹੋ ਚੁੱਕਿਆ ਹੈ।
- ਆਉਣ ਵਾਲੇ ਸੱਤ-ਅੱਠ ਵਰ੍ਹਿਆਂ ਵਿੱਚ ਹੋਰ 5-7 ਜਾਂ 8 ਸੈਮੀਕੰਡਕਟਰ ਪਲਾਂਟ ਬਹੁਤ ਹੀ ਜਲਦੀ ਸ਼ੁਰੂ ਹੋਣ ਵਾਲੇ ਹਨ। ਇਹ ਆਤਮ-ਨਿਰਭਰ ਭਾਰਤ ਸਾਨੂੰ ਵਿਕਸਿਤ ਭਾਰਤ ਦੀ ਦਿਸ਼ਾ ਵਿੱਚ ਜਾਣ ਦਾ ਵੱਡਾ ਮਾਰਗ ਤਿਆਰ ਕਰਦਾ ਹੈ।
- ਨੈਸ਼ਨਲ ਕ੍ਰਿਟੀਕਲ ਮਿਨਰਲਸ ਇਹ ਅਸੀਂ ਲਾਂਚ ਕੀਤਾ, ਬਜਟ ਵਿੱਚ ਕ੍ਰਿਟੀਕਲ ਮਿਨਰਲਸ ਕੌਰੀਡੋਰ ਦਾ ਐਲਾਨ ਕੀਤਾ। ਕਈ ਦੇਸ਼ਾਂ ਨਾਲ ਸਮਝੌਤੇ ਹੋ ਰਹੇ ਹਨ, ਦੁਨੀਆ ਦੇ ਕਈ ਦੇਸ਼ ਕ੍ਰਿਟੀਕਲ ਮਿਨਰਲਸ ਦੀ ਦਿਸ਼ਾ ਵਿੱਚ ਭਾਰਤ ’ਤੇ ਭਰੋਸਾ ਕਰਨ ਲੱਗੇ ਹਨ।

**“ਗ਼ੁਲਾਮੀ ਦੀ ਮਾਨਸਿਕਤਾ ਤੋਂ ਬਾਹਰ ਨਿਕਲਿਆ ਹੋਇਆ ਦੇਸ਼ ਪੰਚ ਪ੍ਰਣ ਨੂੰ ਸਮਰਪਿਤ ਹੋਵੇ, ਇੱਕ ਨਵੇਂ ਆਤਮਵਿਸ਼ਵਾਸ ਦੇ ਨਾਲ ਅੱਜ ਅੱਗੇ ਵਧ ਰਿਹਾ ਹੈ। ਨਵੇਂ ਸੰਕਲਪਾਂ ਨੂੰ ਸਿੱਧ ਕਰਨ ਦੇ ਲਈ ਉਹ ਜੀਅ-ਜਾਨ ਨਾਲ ਜੁੜ ਰਿਹਾ ਹੈ।”**

(ਸੁਤੰਤਰਤਾ ਦਿਵਸ 2023 ਵਿੱਚ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)



ਸੁਤੰਤਰਤਾ ਦਿਵਸ 2023 ਦੀ ਤਸਵੀਰ

# ਊਰਜਾ ਸੁਰੱਖਿਆ: ਪਰਮਾਣੂ ਊਰਜਾ ਤੋਂ ਲੈ ਕੇ ਸੂਰਜੀ ਕ੍ਰਾਂਤੀ ਤੱਕ

*ਊਰਜਾ ਸੁਰੱਖਿਆ ਨੂੰ ਸਮੇਂ ਦੀ ਮੰਗ ਦੱਸਦੇ ਹੋਏ ਪੀਐੱਮ ਮੋਦੀ ਨੇ ਪਰਮਾਣੂ, ਸੂਰਜੀ, ਗੈਸ ਅਤੇ ਹਾਈਡ੍ਰੋਜਨ ਊਰਜਾ ਵਿੱਚ ਭਾਰਤ ਦੀਆਂ ਉਪਲਬਧੀਆਂ ਅਤੇ ਭਵਿੱਖ ਦਾ ਸੰਕਲਪ ਦੁਹਰਾਇਆ...*

- ਚਿਪ ਹੋਵੇ, ਏਆਈ ਹੋਵੇ, ਡੇਟਾ ਸੈਂਟਰ ਹੋਵੇ, ਸਾਨੂੰ ਬਹੁਤ ਵੱਡੀ ਮਾਤਰਾ ਵਿੱਚ ਬਿਜਲੀ ਦੀ ਜ਼ਰੂਰਤ ਹੋਵੇਗੀ। ਇਸ ਲਈ ਉਸ ਦਿਸ਼ਾ ਵਿੱਚ ਇੱਕ ਤੋਂ ਬਾਅਦ ਇੱਕ ਮਜ਼ਬੂਤ ਕਦਮ ਚੁੱਕੇ ਹਨ।
- ਸੰਸਦ ਵਿੱਚ ਸ਼ਾਂਤੀ ਐਕਟ ਪਾਸ ਕਰਕੇ 2047 ਤੱਕ 100 ਗੀਗਾਵਾਟ ਨਿਊਕਲੀਅਰ ਪਾਵਰ ਦਾ ਟੀਚਾ ਤੈਅ ਕੀਤਾ।
- ਇਸ ਦਹਾਕੇ ਵਿੱਚ ਪੰਜ ਨਵੇਂ ਨਿਊਕਲੀਅਰ ਰਿਐਕਟਰ ਸ਼ੁਰੂ ਕਰਨ ਦਾ ਟੀਚਾ ਲੈ ਕੇ ਚੱਲ ਰਹੇ ਹਾਂ। ਇਸੇ ਵਰ੍ਹੇ ਭਾਰਤ ਨੇ ਫਾਸਟ ਬ੍ਰੀਡਰ ਨਿਊਕਲੀਅਰ ਤਕਨਾਲੋਜੀ ਵਿੱਚ ਮੁਹਾਰਤ ਹਾਸਲ ਕੀਤੀ।
- 99% ਸਾਡੇ ਸਮੁੰਦਰੀ ਤਟ ਨੂੰ ਨੋ-ਗੋ ਏਰੀਆ ਐਲਾਨ ਕਰਕੇ ਰੱਖਿਆ ਸੀ, ਅਸੀਂ ਫੈਸਲਾ ਕੀਤਾ, ਇਹ ਨਹੀਂ ਚੱਲ ਸਕਦਾ।
- ਹੁਣ ਉਸ ਨੋ-ਗੋ ਏਰੀਆ ਨੂੰ ਗੋ ਅਹੈੱਡ ਏਰੀਆ ਦੇ ਰੂਪ ਵਿੱਚ ਖੋਲ੍ਹ ਦਿੱਤਾ ਹੈ, ਸਮੁੰਦਰ ਮੰਥਨ ਲਈ 85,000 ਕਰੋੜ ਰੁਪਏ ਅਲਾਟ ਕਰਕੇ ਕੰਮ ਨੂੰ ਗਤੀ ਦੇਣ ਦਾ ਫੈਸਲਾ ਕਰ ਲਿਆ ਹੈ।
- 2014 ਤੋਂ ਪਹਿਲਾਂ 70 ਸ਼ਹਿਰਾਂ ਵਿੱਚ ਪਾਈਪ ਨਾਲ ਗੈਸ ਦੀ ਵਿਵਸਥਾ ਸੀ। ਹੁਣ 12 ਵਰ੍ਹਿਆਂ ਵਿੱਚ 700 ਸ਼ਹਿਰਾਂ ਤੱਕ ਪਹੁੰਚਾ ਦਿੱਤਾ ਹੈ।
- 2014 ਤੋਂ ਪਹਿਲਾਂ 20-22 ਲੱਖ ਘਰਾਂ ਵਿੱਚ ਪਾਈਪ ਨਾਲ ਗੈਸ ਪਹੁੰਚਦੀ ਸੀ, ਹੁਣ ਪੌਣੇ ਦੋ ਕਰੋੜ ਘਰਾਂ ਵਿੱਚ ਇਹ ਸੁਵਿਧਾ ਉਪਲਬਧ ਹੈ।
- 12 ਵਰ੍ਹੇ ਪਹਿਲਾਂ ਸੋਲਰ ਐਨਰਜੀ ਦੀ ਸਮਰੱਥਾ ਸਿਰਫ਼ 2 ਗੀਗਾਵਾਟ ਸੀ, ਅੱਜ 160 ਗੀਗਾਵਾਟ ਦਾ ਟੀਚਾ ਪ੍ਰਾਪਤ ਕਰ ਲਿਆ ਹੈ।
- ਪੀਐੱਮ ਸੂਰਯਘਰ ਮੁਫ਼ਤ ਬਿਜਲੀ ਯੋਜਨਾ ਨਾਲ 50 ਲੱਖ ਘਰਾਂ ਦਾ ਸੋਲਰ ਐਨਰਜੀ ਦਾ ਕੰਮ ਪੂਰਾ ਹੋ ਚੁੱਕਿਆ ਹੈ। ਹਰ ਪਰਿਵਾਰ ਨੂੰ 80,000 ਰੁਪਏ ਦੀ ਮਦਦ ਕੇਂਦਰ ਸਰਕਾਰ ਦੇ ਰਹੀ ਹੈ।
- ਰੇਲਵੇ ਦਾ ਇਲੈਕਟ੍ਰੀਫਿਕੇਸ਼ਨ 90 ਵਰ੍ਹੇ ਵਿੱਚ 30% ਹੋਇਆ ਸੀ, ਅਸੀਂ 10 ਵਰ੍ਹੇ ਵਿੱਚ 70%, ਸ਼ਤ-ਪ੍ਰਤੀਸ਼ਤ ਪੂਰਾ ਕੀਤਾ। ਇਹ ਹੁੰਦਾ ਹੈ ਕੰਮ।
- ਦੇਸ਼ ਨੇ ਪਹਿਲੀ ਹਾਈਡ੍ਰੋਜਨ ਟ੍ਰੇਨ ਸ਼ੁਰੂ ਕੀਤੀ ਜੋ ਦੁਨੀਆ ਦੀ ਸਭ ਤੋਂ ਲੰਬੀ, ਅਤੇ ਸਭ ਤੋਂ ਤਾਕਤਵਰ ਟ੍ਰੇਨ ਹੈ।



**"ਅਸੀਂ ਜਿਸ ਤਰ੍ਹਾਂ ਨਾਲ ਸੰਕਲਪ ਨੂੰ ਲੈ ਕੇ ਚਲ ਪਏ ਹਾਂ ਦੁਨੀਆ ਇਸ ਨੂੰ ਦੇਖ ਰਹੀ ਹੈ, ਅਤੇ ਆਖਰਕਾਰ ਦੁਨੀਆ ਵੀ ਉਮੀਦਾਂ ਲੈ ਕੇ ਜੀਅ ਰਹੀ ਹੈ। ਉਮੀਦਾਂ ਪੂਰੀ ਕਰਨ ਦੀ ਸਮਰੱਥਾ ਕਿੱਥੇ ਪਈ ਹੈ ਉਹ ਉਸ ਨੂੰ ਦਿਖਣ ਲਗਿਆ।"**

(ਸੁਤੰਤਰਤਾ ਦਿਵਸ 2022 ਵਿੱਚ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)

ਸੁਤੰਤਰਤਾ ਦਿਵਸ 2022 ਦੀ ਤਸਵੀਰ

# ਨਾਗਰਿਕ ਦੇਵੋ ਭਵ:
# ਆਲਮੀ ਸੰਕਟਾਂ ਦਰਮਿਆਨ ਸਮਰੱਥ ਭਾਰਤ

*ਕੋਰੋਨਾ ਮਹਾਮਾਰੀ ਤੋਂ ਲੈ ਕੇ ਪੱਛਮੀ ਏਸ਼ੀਆ ਦੇ ਸੰਕਟ ਤੱਕ, ਪੀਐੱਮ ਮੋਦੀ ਨੇ ਦੱਸਿਆ ਕਿ ਕਿਵੇਂ 12 ਵਰ੍ਹੇ ਵਿੱਚ ਭਾਰਤ ਦੀਆਂ ਜਾਣੂ ਯੋਜਨਾਵਾਂ ਨੇ ਦੇਸ਼ ਨੂੰ ਸਮਰੱਥ, ਤਾਕਤਵਰ ਬਣਾਏ ਰੱਖਿਆ...*

- ਕੋਰੋਨਾ ਵਰਗੀ ਵਿਸ਼ਵ-ਵਿਆਪੀ ਮਹਾਮਾਰੀ ਨੇ ਪੂਰੀ ਦੁਨੀਆ ਨੂੰ ਚਿੰਤਾ ਵਿੱਚ ਪਾ ਦਿੱਤਾ, ਕੋਰੋਨਾ ਤੋਂ ਬਾਹਰ ਨਿਕਲਣ ਤੋਂ ਬਾਅਦ ਜੰਗ ਦੀਆਂ ਸਥਿਤੀਆਂ ਨੇ ਆਰਥਿਕ ਪਰੇਸ਼ਾਨੀ ਵਿੱਚ ਪਾ ਦਿੱਤਾ।
- ਯੂਕ੍ਰੇਨ-ਪੱਛਮੀ ਏਸ਼ੀਆ ਜੰਗ ਦੇ ਕਾਰਨ ਤਣਾਅ, ਪੈਟਰੋਲ -ਡੀਜ਼ਲ-ਫਰਟੀਲਾਈਜ਼ਰ ਨਾ ਮਿਲਣ ਦੀਆਂ ਅਫਵਾਹਾਂ ਫੈਲਾਈਆਂ ਗਈਆਂ।
- ਦੇਸ਼ ਨੇ ਦੇਖ ਲਿਆ ਕਿ ਬੀਤੇ 10-12 ਵਰ੍ਹੇ ਦੀਆਂ ਯੋਜਨਾਵਾਂ ਰੰਗ ਲਿਆ ਰਹੀਆਂ ਹਨ, ਅੱਜ ਦੇਸ਼ ਵਿੱਚ ਗੈਸ ਵੀ ਹੈ, ਪੈਟਰੋਲ ਵੀ ਹੈ, ਯੂਰੀਆ ਵੀ ਹੈ।
- ਇੰਨੇ ਵੱਡੇ ਸੰਕਟ ਦੇ ਬਾਵਜੂਦ ਵੀ ਭਾਰਤ ਨੇ ਜੋ ਤਿਆਰੀਆਂ ਕੀਤੀਆਂ ਸਨ, ਸੰਕਟ ਦੇ ਸਮੇਂ ਵਿੱਚ ਇਹ ਸਾਰੀਆਂ ਚੀਜ਼ਾਂ ਕੰਮ ਆ ਗਈਆਂ।
- ਯੂਰੀਆ ਦੀ ਕੀਮਤ ਦੁਨੀਆ ਵਿੱਚ 3,000 ਰੁਪਏ ਪ੍ਰਤੀ ਬੋਰੀ ਪਹੁੰਚ ਗਈ, ਪਰ ਅਸੀਂ ਕਿਸਾਨਾਂ ਨੂੰ ਸਿਰਫ 300 ਰੁਪਏ ਵਿੱਚ ਦਿੰਦੇ ਰਹੇ।
- ਡੀਏਪੀ ਅੱਜ ਦੁਨੀਆ ਵਿੱਚ 5,000 ਰੁਪਏ ਪਹੁੰਚ ਚੁੱਕੀ ਹੈ, ਅਸੀਂ ਆਪਣੇ ਕਿਸਾਨਾਂ ਨੂੰ 1,350 ਰੁਪਏ ਵਿੱਚ ਦੇ ਰਹੇ ਹਾਂ।
- ਕੁੱਝ ਲੋਕਾਂ ਨੇ ਸਾਧਨਾਂ ਨੂੰ ਵੈਪਨਾਈਜ਼ ਕਰਨ ਦਾ ਖੇਡ ਖੇਡਿਆ, ਪੈਟਰੋਲ, ਡੀਜ਼ਲ, ਖਾਦ, ਦਵਾਈਆਂ, ਚਿੱਪਸ, ਇੱਥੇ ਤੱਕ ਕਿ ਭੂ-ਭਾਗ ਨੂੰ ਵੀ।
- ਜੇਕਰ 10 ਵਰ੍ਹੇ ਆਤਮਨਿਰਭਰਤਾ ਦੇ ਮੰਤਰ 'ਤੇ ਸਹੀ ਦਿਸ਼ਾ ਵਿੱਚ ਨਾ ਚਲੇ ਹੁੰਦੇ, ਤਾਂ ਅਸੀਂ ਕਲਪਨਾ ਕਰ ਸਕਦੇ ਹਾਂ ਕਿ ਇਨ੍ਹਾਂ ਚੁਣੌਤੀਆਂ ਦਾ ਮੁਕਾਬਲਾ ਕਿਵੇਂ ਕਰਦੇ।
- ਜਦੋਂ ਦੇਸ਼ ਆਤਮਨਿਰਭਰਤਾ ਦੀ ਗੱਲ ਕਰ ਰਿਹਾ ਸੀ, ਤਾਂ ਏਅਰ ਕੰਡੀਸ਼ਨ ਚੈਂਬਰ ਵਿੱਚ ਬੈਠ ਕੇ ਲੋਕ ਦੱਸ ਰਹੇ ਸਨ ਕਿ ਗਲੋਬਲਾਈਜ਼ੇਸ਼ਨ ਦਾ ਕੀ ਹੋਵੇਗਾ।
- ਪਰ ਦੁਨੀਆ ਦੇਖ ਰਹੀ ਹੈ ਕਿ ਪਿਛਲੇ ਇੱਕ ਦਹਾਕੇ ਵਿੱਚ ਅਜਿਹਾ ਲਗਦਾ ਹੈ ਕਿ ਦੁਨੀਆ ਨੇ ਗਲੋਬਲਾਈਜ਼ੇਸ਼ਨ ਬੋਲਣਾ ਹੀ ਬੰਦ ਕਰ ਦਿੱਤਾ ਹੈ, ਜਿੱਥੋਂ ਇਸ ਦੀਆਂ ਆਵਾਜ਼ਾਂ ਆਉਂਦੀਆਂ ਸਨ।

**"ਅਸੀਂ ਕਿਸੇ ਤੋਂ ਵੀ ਘੱਟ ਨਾ ਹੋਈਏ। ਇਹ ਕੋਟਿ-ਕੋਟਿ ਦੇਸ਼ਵਾਸੀਆਂ ਦਾ ਸੰਕਲਪ ਹੈ। ਪਰ ਸੰਕਲਪ ਉਦੋਂ ਤੱਕ ਅਧੂਰਾ ਹੁੰਦਾ ਹੈ ਜਦੋਂ ਤੱਕ ਸੰਕਲਪ ਦੇ ਨਾਲ ਮਿਹਨਤ ਅਤੇ ਪਰਾਕ੍ਰਮ ਦੀ ਪਰਾਕਾਸ਼ਠਾ ਨਾ ਹੋਵੇ।"**

(ਸੁਤੰਤਰਤਾ ਦਿਵਸ 2021 ਵਿੱਚ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)



ਸੁਤੰਤਰਤਾ ਦਿਵਸ 2021 ਦੀ ਤਸਵੀਰ

# ਵਿਕਾਸ ਦੀ ਨਵੀਂ ਸਪਤ ਧਾਰਾ ਨਾਲ ਦੇਸ਼ ਨੂੰ ਨਵੀਂ ਉਚਾਈ, ਨਵੀਂ ਗਤੀ

*ਪੀਐੱਮ ਮੋਦੀ ਨੇ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦੇਸ਼ ਦੇ ਸਾਹਮਣੇ ਸ਼ਕਤੀ ਦੀ ਨਵੀਂ ਸਪਤ ਧਾਰਾ ਦਾ ਸੱਦਾ ਦਿੱਤਾ, ਜੋ ਅਗਲੇ 5-7 ਵਰ੍ਹਿਆਂ ਵਿੱਚ ਭਾਰਤ ਨੂੰ ਵਿਕਸਿਤ ਰਾਸ਼ਟਰ ਦੇ ਟੀਚਿਆਂ ਦੀ ਪੂਰਤੀ ਨੂੰ ਦੇਵੇਗਾ ਸਮਰੱਥਾ...*

- ਸਦੀ ਦਾ ਇੱਕ ਚੌਥਾਈ ਹਿੱਸਾ ਬੀਤ ਚੁੱਕਿਆ ਹੈ, ਅਗਲਾ ਇੱਕ ਚੌਥਾਈ ਸਾਡੇ ਲਈ ਬਹੁਤ ਮਹੱਤਵਪੂਰਨ ਹੈ, ਸਾਡੀ ਰਫ਼ਤਾਰ ਨਹੀਂ ਰੁਕ ਸਕਦੀ ਹੈ। ਸਾਡੀ ਦਿਸ਼ਾ ਤੈਅ ਹੈ, ਉਸ ਨੂੰ ਪ੍ਰਾਪਤ ਕਰਕੇ ਰਹਿਣਾ ਹੈ।
- ਸਾਨੂੰ ਆਪਣਾ ਵਰਕ ਕਲਚਰ ਬਦਲਣਾ ਹੋਵੇਗਾ, ਸਾਡੀ ਸੋਚ ਨੂੰ ਵੀ ਬਦਲਣਾ ਹੋਵੇਗਾ, ਸਾਨੂੰ ਸਾਡੇ ਕੰਮ ਦੀ ਰਫ਼ਤਾਰ ਨੂੰ ਵੀ ਬਦਲਣਾ ਹੋਵੇਗਾ।
- ਜੋ ਕੰਮ ਪਿਛਲੇ 5-7 ਦਹਾਕਿਆਂ ਵਿੱਚ ਨਹੀਂ ਹੋਏ ਹਨ, ਉਹ ਕੰਮ ਸਾਨੂੰ ਆਉਣ ਵਾਲੇ 5-7 ਵਰ੍ਹਿਆਂ ਵਿੱਚ ਕਰਨੇ ਹਨ। ਮੇਰਾ ਭਰੋਸਾ ਹੈ ਯੁਵਾ ਸ਼ਕਤੀ, ਨਾਰੀ ਸ਼ਕਤੀ, ਕਿਸਾਨ, ਮਜ਼ਦੂਰ, ਇਸ ਸੁਪਨੇ ਨੂੰ ਸਾਕਾਰ ਕਰ ਸਕਦੇ ਹਨ।
- ਰਿਫੌਰਮ ਨਾ ਸਾਡੇ ਲਈ ਕੰਪਲਸ਼ਨ ਹੈ, ਨਾ ਬਜ਼ਵਰਡ ਹੈ, ਇਹ ਸਾਡਾ ਕਨਵਿਕਸ਼ਨ ਹੈ, ਆਊਟ ਆਫ਼ ਕਨਵਿਕਸ਼ਨ ਅਸੀਂ ਰਿਫੌਰਮ ਐਕਸਪ੍ਰੈੱਸ 'ਤੇ ਚੱਲ ਪਏ ਹਾਂ।
- ਜਿਸ ਯੁੱਗ ਵਿੱਚ ਭਾਰਤ ਦੀ ਸਮਰੱਥਾ ਸਪਤ ਸਿੰਧੂ ਦੇ ਰੂਪ ਵਿੱਚ ਜਾਣੀ ਜਾਂਦੀ ਸੀ, ਵਿਕਸਿਤ ਭਾਰਤ ਬਣਾਉਣ ਲਈ ਸਾਨੂੰ ਨਵੀਂ ਧਾਰਾ ਚਾਹੀਦੀ ਹੈ। ਮੈਂ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਸ਼ਕਤੀ ਦੀ ਇਸ ਸਪਤ ਧਾਰਾ ਦਾ ਸੱਦਾ ਦਿੰਦਾ ਹਾਂ।
- ਸਪਤ ਧਾਰਾ ਦੀਆਂ ਇਹ ਸੱਤ ਸ਼ਕਤੀਆਂ ਸਿਰਫ ਇੱਕ ਸੈਕਟਰ ਵਿੱਚ ਤਰੱਕੀ ਦੇ ਲਈ ਨਹੀਂ, ਇੱਕ ਹੌਲਿਸਟਿਕ ਅਪ੍ਰੋਚ ਦੇ ਨਾਲ ਰਾਸ਼ਟਰ ਦੇ ਟੀਚੇ ਨੂੰ ਪਾਰ ਕਰਨ ਦੇ ਲਈ ਹਨ।
- ਦੇਸ਼ ਯਾਨੀ ਸਿਰਫ ਸਰਕਾਰ ਨਹੀਂ ਹੁੰਦਾ, ਦੇਸ਼ ਯਾਨੀ ਹਰ ਨਾਗਰਿਕ ਜੁੜਦਾ ਹੈ, ਆਉਣ ਵਾਲੇ ਇੱਕ ਦਹਾਕੇ ਵਿੱਚ Fortune 500 ਵਿੱਚ 50 ਕੰਪਨੀਆਂ ਭਾਰਤੀ ਕਿਉਂ ਨਾ ਹੋਣ।
- ਦੁਨੀਆ ਦੇ ਟੌਪ 5 ਬੈਂਕਾਂ ਵਿੱਚ ਭਾਰਤ ਦਾ ਵੀ ਬੈਂਕ ਹੋਵੇ, ਟੌਪ 5 ਫਾਰਮਾ ਕੰਪਨੀਆਂ ਵਿੱਚ ਭਾਰਤ ਦੀਆਂ ਵੀ 1-2 ਕੰਪਨੀਆਂ ਦਾ ਨਾਂ ਗੂੰਜੇ।
- ਲਾਅ ਫਰਮਸ, ਰੇਟਿੰਗ ਏਜੰਸੀਜ਼, ਕੰਸਲਟਿੰਗ-ਅਕਾਊਂਟਿੰਗ ਫਰਮਸ ਅਤੇ ਤਕਨਾਲੋਜੀ ਕੰਪਨੀ ਵਿੱਚ ਭਾਰਤ ਦੀ ਗਲੋਬਲ ਲੀਡਰਸ਼ਿਪ ਹੋਵੇ, ਅਜਿਹੇ ਬ੍ਰਾਂਡ ਬਣਨ ਜਿਨ੍ਹਾਂ ਨਾਲ ਦੁਨੀਆ ਆਕਰਸ਼ਿਤ ਹੋਵੇ।



ਸੁਤੰਤਰਤਾ ਦਿਵਸ 2020 ਦੀ ਤਸਵੀਰ

**"ਕੋਰੋਨਾ ਵਿਸ਼ਵਵਿਆਪੀ ਮਹਾਮਾਰੀ ਦੇ ਵਿੱਚ 130 ਕਰੋੜ ਭਾਰਤੀਆਂ ਨੇ ਸੰਕਲਪ ਲਿਆ- ਸੰਕਲਪ ਆਤਮਨਿਰਭਰ ਬਣਨ ਦਾ... ਅਤੇ ਆਤਮਨਿਰਭਰ ਭਾਰਤ ਅੱਜ ਹਰ ਹਿੰਦੁਸਤਾਨੀ ਦੇ ਦਿਲ-ਦਿਮਾਗ 'ਤੇ ਛਾਇਆ ਹੋਇਆ ਹੈ।"**

(ਸੁਤੰਤਰਤਾ ਦਿਵਸ 2020 ਵਿੱਚ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)

# ਸਪਤ ਧਾਰਾ...



## ਪਹਿਲੀ ਸ਼ਕਤੀ

**ਮੈਨੂਫੈਕਚਰਿੰਗ ਪਾਵਰ:** ਕੋਸਟ, ਕੁਆਲਿਟੀ ਅਤੇ ਸਕੇਲ ਵਿੱਚ ਆਲਮੀ ਮਾਪਦੰਡਾਂ 'ਤੇ ਖਰਾ ਉਤਰਨਾ ਹੈ, ਮੰਤਰ ਕੁਆਲਿਟੀ, ਕੁਆਲਿਟੀ ਹੋਣੀ ਚਾਹੀਦੀ ਹੈ। ਸਾਡਾ ਜ਼ੀਰੋ ਡਿਫੈਕਟ precision ਮੈਨੂਫੈਕਚਰਿੰਗ, ਇਹ ਸਾਡੀ ਪਛਾਣ ਬਣਨਾ ਚਾਹੀਦਾ ਹੈ।

## ਦੂਜੀ ਸ਼ਕਤੀ

**ਖੇਤੀਬਾੜੀ ਅਤੇ ਖੁਰਾਕ ਪ੍ਰੋਸੈੱਸਿੰਗ:** ਖੇਤ ਤੋਂ ਨਿਰਯਾਤ ਬਜ਼ਾਰ ਤੱਕ, ਮਿਲਟਸ-ਮਸਾਲੇ ਪ੍ਰਫੁਲਿਤ ਗਲੋਬਲ ਬ੍ਰਾਂਡ ਬਣਨ।

## ਤੀਜੀ ਸ਼ਕਤੀ

**ਤਕਨਾਲੋਜੀ ਅਤੇ ਨਵੀਨਤਾ:** ਦੇਸ਼ ਨੂੰ ਨਵੀਨਤਾ ਦਾ ਹੱਬ ਬਣਨਾ ਹੈ, ਭਾਰਤ ਨੂੰ ਨੈਕਸਟ ਜੈਨਰੇਸ਼ਨ ਕਮਿਊਨੀਕੇਸ਼ਨ ਤਕਨਾਲੋਜੀ ਵਿੱਚ ਲੀਡ ਕਰਨਾ ਹੈ। ਮੇਡ ਇਨ ਇੰਡੀਆ 6G ਹਰ ਕੋਨੇ ਵਿੱਚ ਪਹੁੰਚੇ।

## ਚੌਥੀ ਸ਼ਕਤੀ

**ਗਤੀ ਸ਼ਕਤੀ:** ਦੇਸ਼ ਦੇ ਅੰਦਰ ਸੀਮਲੈੱਸ ਫਾਸਟ ਕਨੈਕਟੀਵਿਟੀ 'ਤੇ ਸਾਨੂੰ ਬਲ ਦੇਣਾ ਹੋਵੇਗਾ। ਹਾਈ ਸਪੀਡ ਰੇਲ, ਮੌਡਰਨ ਹਾਈਵੇਅ, ਇਨਲੈਂਡ ਵਾਟਰਵੇਜ਼, ਏਅਰਪੋਰਟ, ਪੋਰਟ ਲੈੱਡ ਡਿਵੈਲਪਮੈਂਟ ਗ੍ਰੋਥ ਦੀ ਦਿਸ਼ਾ ਵਿੱਚ ਅੱਗੇ ਵਧਣਾ ਹੋਵੇਗਾ।

## ਪੰਜਵੀਂ ਸ਼ਕਤੀ

**ਰੱਖਿਆ ਸ਼ਕਤੀ:** ਡਿਫੈਂਸ ਵਿੱਚ ਆਤਮਨਿਰਭਰ ਹੋਣਾ, ਹੁਣ ਭਾਰਤ ਨੇ ਅਨੁਭਵ ਕਰ ਲਿਆ ਹੈ, ਦੁਨੀਆ ਨੇ ਅਨੁਭਵ ਕਰ ਲਿਆ ਹੈ, ਇਸ ਦੇ ਬਿਨਾ ਕੋਈ ਚਾਰਾ ਨਹੀਂ ਹੈ। ਇਸ ਦੇ ਲਈ ਨੈਕਸਟ ਜਨਰੇਸ਼ਨ ਡਿਫੈਂਸ ਤਕਨਾਲੋਜੀ, ਡ੍ਰੋਨ-ਕਾਉਂਟਰ ਡ੍ਰੋਨ, ਹਾਇਪਰਸੋਨਿਕ ਡਿਫੈਂਸ ਵਿੱਚ ਲੀਡਰਸ਼ਿਪ ਲੈਣੀ ਹੋਵੇਗੀ।

## ਛੇਵੀਂ ਸ਼ਕਤੀ

**ਗ੍ਰੀਨ ਇਕੌਨਮੀ ਅਤੇ ਬਲੂ ਇਕੌਨਮੀ :** ਗ੍ਰੀਨ ਹਾਈਡ੍ਰੋਜਨ, ਅਖੁੱਟ ਊਰਜਾ, ਫਿਸ਼ਰੀਜ਼, ਕੋਸਟਲ ਟੂਰਿਜ਼ਮ। ਸਾਨੂੰ ਗ੍ਰੀਨ ਹਾਈਡ੍ਰੋਜਨ, ਅਖੁੱਟ ਊਰਜਾ, ਐਨਰਜੀ ਸਟੋਰੇਜ, ਗ੍ਰੀਨ ਮੋਬੀਲਿਟੀ, ਗ੍ਰੀਨ ਮੈਨੂਫੈਕਚਰਿੰਗ ਇਨ ਗਲੋਬਲ ਸਕੇਲ,ਅਸੀਂ ਪ੍ਰਾਪਤ ਕਰਕੇ ਰਹਿਣਾ ਹੈ। ਬਲੂ ਇਕੌਨਮੀ ਲਈ ਵੀ ਬਹੁਤ ਵੱਡਾ ਮੌਕਾ ਹੈ, ਬਹੁਤ ਲੰਬੀ ਸਾਡੀ ਕੋਸਟ ਲਾਈਨ ਹੈ, ਜਿਸ ਵਿੱਚ ਅਸੀਂ ਅੱਗੇ ਵਧ ਸਕਦੇ ਹਾਂ।


## ਸੱਤਵੀਂ ਸ਼ਕਤੀ

**ਭਾਰਤ ਦੀ ਸੌਫ਼ਟ ਪਾਵਰ:** ਯੋਗ, ਆਯੁਰਵੇਦ, ਹੀਲ ਇਨ ਇੰਡੀਆ, ਫਿਲਮਾਂ, ਐਨੀਮੇਸ਼ਨ, ਗੇਮਿੰਗ, WAVES ਸਮਿਟ। ਭਾਰਤ ਦੀ ਸੌਫ਼ਟ ਪਾਵਰ ਦੀ ਤਾਕਤ ਹੈ। ਅੱਜ ਯੋਗ ਨੇ ਪੂਰੀ ਦੁਨੀਆ ਨੂੰ ਭਾਰਤ ਦੇ ਨਾਲ ਜੋੜ ਕੇ ਰੱਖਿਆ ਹੋਇਆ ਹੈ।

# ਆਲਮੀ ਵਪਾਰ ਅਤੇ ਭਾਰਤ ਦੀ ਸਾਖ

*ਭਾਰਤ ਦੀ ਸਥਿਰ ਸਰਕਾਰ ਅਤੇ ਵਾਈਬ੍ਰੈਂਟ ਲੋਕਤੰਤਰ ਨੂੰ ਦੁਨੀਆ ਹੁਣ ਪਛਾਣਨ ਲਗੀ ਹੈ, ਪੀਐੱਮ ਮੋਦੀ ਨੇ ਮੁਕਤ ਵਪਾਰ ਸਮਝੌਤੇ (ਐੱਫਟੀਏ) ਰਾਹੀਂ ਐੱਮਐੱਸਐੱਮਈ ਅਤੇ ਨਿਰਯਾਤ ਦੀਆਂ ਨਵੀਆਂ ਸੰਭਾਵਨਾਵਾਂ 'ਤੇ ਜ਼ੋਰ ਦਿੱਤਾ....*

- ਅੱਜ ਭਾਰਤ ਦਾ ਪ੍ਰੋਫਾਈਲ ਵਧ ਰਿਹਾ ਹੈ। ਭਾਰਤ ਦੁਨੀਆ ਲਈ ਇੱਕ ਪ੍ਰਵਾਨਿਤ ਅਤੇ ਸਨਮਾਨਯੋਗ ਦੇਸ਼ ਦੇ ਰੂਪ ਵਿੱਚ ਬਣ ਰਿਹਾ ਹੈ।
- MSME ਨੂੰ ਮੌਕੇ ਨੂੰ ਛੱਡਣਾ ਨਹੀਂ ਹੈ, ਦੁਨੀਆ ਵਿੱਚ ਅਸੀਂ ਪਹੁੰਚਣਾ ਹੈ, ਟੈਕਸਟਾਈਲ, ਮਸ਼ੀਨਰੀ, ਦਵਾਈਆਂ, ਹਰ ਥਾਂ ਆਲਮੀ ਜੋ ਪੈਰਾ-ਮੀਟਰਜ਼ ਹਨ, ਉਸ ਪੈਰਾਮੀਟਰ ਨੂੰ ਪਾਰ ਕਰਨਾ ਹੋਵੇਗਾ। ਦੁਨੀਆ ਤੋਂ ਜੋ ਮਿਲਦਾ ਹੈ, ਉਸ ਤੋਂ ਚੰਗਾ ਅਤੇ ਸਸਤਾ ਦੇਣਾ ਪਵੇਗਾ।
- ਭਾਰਤ ਦੇ ਉਤਪਾਦ ਦੀ ਹਰ ਚੀਜ਼ ਦੁਨੀਆ ਦੇ ਬਜ਼ਾਰ ਵਿੱਚ ਪਹੁੰਚੇ। ਭਾਵੇਂ ਸਾਡਾ ਟੈਕਸਟਾਈਲ ਹੋਵੇ, ਸਾਡੀ ਮਸ਼ੀਨਰੀ ਹੋਵੇ, ਦਵਾਈਆਂ ਹੋਣ, ਸਾਨੂੰ ਮੌਕਾ ਛੱਡਣਾ ਨਹੀਂ ਹੈ।
- ਲੁਧਿਆਣਾ ਤੋਂ ਤਿਰੂਪੁਰ ਤੱਕ ਸਾਡਾ ਟੈਕਸਟਾਈਲ ਸੈਕਟਰ ਦੁਨੀਆ ਵਿੱਚ ਪਹੁੰਚ ਸਕਦਾ ਹੈ।
- ਕੇਰਲਮ ਤੋਂ ਲੈ ਕੇ ਗੁਜਰਾਤ ਅਤੇ ਤਮਿਲ ਨਾਡੂ ਤੋਂ ਲੈ ਕੇ ਬੰਗਾਲ, ਇਹ ਸਾਡਾ ਸਮੁੰਦਰੀ ਤਟ, ਸਾਡੇ ਮਛੇਰੇ ਭੈਣ-ਭਰਾ ਅੱਜ ਇਸ FTA ਦੇ ਕਾਰਨ ਸਾਡੇ ਸ਼੍ਰਿੰਪ ਭਾਵ ਝੀਂਗਾ, ਉਸ ਦੇ ਐਕਸਪੋਰਟ ਦੀ ਬਹੁਤ ਸੰਭਾਵਨਾ ਵਧੀ ਹੈ।
- ਸੀਫੂਡ ਦੀ ਦੁਨੀਆ ਵਿੱਚ ਪਹੁੰਚ ਬਣਨ ਦੀ ਸੰਭਾਵਨਾ ਵਧੀ ਹੋਈ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਸਾਨੂੰ ਇਸ ਸਥਿਤੀ ਦਾ ਫਾਇਦਾ ਚੁੱਕਦੇ ਹੋਏ, ਅਸੀਂ ਅੱਗੇ ਚਲਦੇ ਹੋਏ, ਅਸੀਂ ਇਨ੍ਹਾਂ ਕੰਮਾਂ ਨੂੰ ਪਾਰ ਕਰਨ ਦੇ ਲਈ ਯਤਨ ਕਰੀਏ।
- ਭਾਰਤ ਦੇ ਕੋਲ ਸਥਿਰ ਸਰਕਾਰ ਹੈ, ਭਾਰਤ ਦਾ ਵਾਈਬ੍ਰੈਂਟ ਲੋਕਤੰਤਰ ਹੈ, ਭਾਰਤ ਦੀ ਮਜ਼ਬੂਤ ਨਿਆਂ ਵਿਧੀ ਹੈ। ਸਾਨੂੰ ਸਭ ਨੂੰ ਦਿਸ਼ਾ ਦੇਣ ਵਾਲਾ ਭਾਰਤ ਦਾ ਸੰਵਿਧਾਨ ਹੈ ਅਤੇ ਹੁਣ ਦੁਨੀਆ ਸਾਡੀ ਇਸ ਸਮਰੱਥਾ ਨੂੰ ਪਛਾਣਨ ਲੱਗੀ ਹੈ।



ਸੁਤੰਤਰਤਾ ਦਿਵਸ 2019 ਦੀ ਤਸਵੀਰ

**"ਮੈਂ ਇਹ ਮਾਣ ਦੇ ਨਾਲ ਕਹਿੰਦਾ ਹਾਂ ਕਿ ਅੱਜ ਹਰ ਹਿੰਦੁਸਤਾਨੀ ਕਹਿ ਸਕਦਾ ਹੈ- One Nation, One Constitution ਅਤੇ ਅਸੀਂ ਸਰਦਾਰ ਸਾਹੇਬ ਦਾ ਏਕ ਭਾਰਤ-ਸ਼੍ਰੇਸ਼ਠ ਭਾਰਤ, ਇਸੇ ਸੁਪਨੇ ਨੂੰ ਪੂਰਾ ਕਰਨ ਵਿੱਚ ਲਗੇ ਹੋਏ ਹਾਂ।"**

(ਸੁਤੰਤਰਤਾ ਦਿਵਸ 2019 ਵਿੱਚ ਲਾਲ ਕਿਲ੍ਹੇ ਦੀ ਫ਼ਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)

# ਨੌਜਵਾਨ ਸ਼ਕਤੀ ਅਤੇ ਡਿਜੀਟਲ ਕ੍ਰਾਂਤੀ

*ਸਟਾਰਟਅੱਪ ਇੰਡੀਆ ਤੋਂ ਲੈ ਕੇ ਏਆਈ ਸਕਿੱਲਿੰਗ ਤੱਕ, ਪ੍ਰਧਾਨ ਮੰਤਰੀ ਮੋਦੀ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਨੌਜਵਾਨਾਂ ਨੂੰ ਵਿਕਸਿਤ ਭਾਰਤ ਦੇ ਸਭ ਤੋਂ ਵੱਡੇ ਸਾਧਕ ਅਤੇ ਸਭ ਤੋਂ ਵੱਡੇ ਲਾਭਾਰਥੀ ਦੱਸਿਆ...*

- ਵਿਕਸਿਤ ਭਾਰਤ ਦੀ ਯਾਤਰਾ ਵਿੱਚ ਨੌਜਵਾਨਾਂ ਦੀ ਬਹੁਤ ਵੱਡੀ ਭੂਮਿਕਾ ਹੈ, ਵਿਕਸਿਤ ਭਾਰਤ ਦਾ ਸਭ ਤੋਂ ਵੱਡਾ ਲਾਭਾਰਥੀ ਵੀ ਦੇਸ਼ ਦਾ ਨੌਜਵਾਨ ਹੈ।
- ਨੌਜਵਾਨਾਂ ਦੇ ਲਈ ਫ੍ਰੀ ਕੋਚਿੰਗ ਦੀ ਵਿਵਸਥਾ ਅਤੇ ਇਸ ਦੇ ਲਈ ਇੱਕ ਪੂਰਾ ਨੈੱਟਵਰਕ ਤਿਆਰ ਕੀਤਾ ਜਾ ਰਿਹਾ ਹੈ।
- ਸਟਾਰਟਅੱਪ ਇੰਡੀਆ ਅਭਿਆਨ ਵਿੱਚ ਢਾਈ ਲੱਖ ਤੋਂ ਵੱਧ ਰਜਿਸਟਰਡ ਸਟਾਰਟਅੱਪ ਹਨ। 1 ਲੱਖ ਕਰੋੜ ਰੁਪਏ ਦਾ ਇਨੋਵੇਸ਼ਨ ਫੰਡ ਭਾਰਤ ਸਰਕਾਰ ਨੇ ਐਲਾਨ ਕੀਤਾ ਹੈ।
- ਭਾਰਤ ਦੇ ਵਾਈਬ੍ਰੈਂਟ ਸਟਾਰਟਅੱਪ ਦੇ ਨੌਜਵਾਨਾਂ ਨੇ ਦੁਨੀਆ ਵਿੱਚ ਪਹਿਲੇ ਹੀ ਟ੍ਰਾਇਲ ਵਿੱਚ ਆਪਣਾ ਸੈਟੇਲਾਈਟ ਅਤੇ ਰਾਕੇਟ ਲਾਂਚ ਕਰ ਦਿੱਤਾ।
- ਪ੍ਰਧਾਨ ਮੰਤਰੀ ਨੇ ਐਲਾਨ ਕੀਤਾ ਕਿ ਆਉਣ ਵਾਲੇ ਇੱਕ ਵਰ੍ਹੇ ਵਿੱਚ 1 ਕਰੋੜ ਨੌਜਵਾਨਾਂ ਨੂੰ ਏਆਈ ਸਕਿੱਲ ਦੇ ਲਈ ਟ੍ਰੇਨਿੰਗ ਦਿੱਤੀ ਜਾਵੇਗੀ।
- 2004-2014 ਵਿੱਚ 350 ਤੋਂ ਘੱਟ ਯੂਨੀਵਰਸਿਟੀਆਂ ਸੀ, ਅੱਜ 650 ਨਵੀਆਂ ਯੂਨੀਵਰਸਿਟੀਆਂ ਜੁੜ ਕੇ ਕਰੀਬ 1,000 ਦਾ ਅੰਕੜਾ ਪਹੁੰਚ ਚੁੱਕਿਆ ਹੈ।
- 2014 ਤੋਂ ਪਹਿਲਾਂ 400 ਮੈਡੀਕਲ ਕਾਲਜ, ਹੁਣ 850 ਹੋ ਗਏ ਹਨ। ਵਿਦੇਸ਼ੀ ਯੂਨੀਵਰਸਿਟੀਆਂ ਵੀ ਭਾਰਤ ਦੀ ਧਰਤੀ 'ਤੇ ਆ ਰਹੀਆਂ ਹਨ।
- 10,000 ਤੋਂ ਵੱਧ ਅਟਲ ਟਿੰਕਰਿੰਗ ਲੈਬ ਬੱਚਿਆਂ ਦੇ ਹਵਾਲੇ ਕੀਤੀਆਂ, ਤਾਂ ਜੋ ਇਨੋਵੇਸ਼ਨ-ਤਕਨਾਲੋਜੀ ਵਿੱਚ ਉਨ੍ਹਾਂ ਦਾ ਮਨ ਬਣੇ।
- 2014 ਦੇ ਪਹਿਲੇ ਬਾਇਓਇਕੌਨਮੀ ਦਾ ਕਾਰੋਬਾਰ 60 ਹਜ਼ਾਰ ਕਰੋੜ ਰੁਪਏ ਸੀ, ਜੋ ਅੱਜ 20 ਲੱਖ ਕਰੋੜ ਰੁਪਏ ਪਹੁੰਚ ਚੁੱਕਿਆ ਹੈ।
- 2009-10 ਵਿੱਚ ਡੇਢ ਲੱਖ ਇਲੈਕਟ੍ਰਿਕ ਵ੍ਹੀਕਲ ਵਿਕੇ ਸਨ, ਇਸ ਸਾਲ 25 ਲੱਖ ਇਲੈਕਟ੍ਰਿਕ ਵ੍ਹੀਕਲ ਵਿਕੇ।
- ਮੇਡ ਇਨ ਇੰਡੀਆ ਹਵਾਈ ਜਹਾਜ਼ ਬਣਾਉਣ ਦੀ ਦਿਸ਼ਾ ਵਿੱਚ ਸਫ਼ਲਤਾ ਮਿਲੀ ਹੈ, ਮੇਡ ਇਨ ਇੰਡੀਆ ਡਿਫੈਂਸ ਟ੍ਰਾਂਸਪੋਰਟ ਏਅਰਕ੍ਰਾਫਟ C295 ਸਫਲ ਉਡਾਣ ਭਰ ਚੁੱਕਿਆ ਹੈ।
- ਡ੍ਰੋਨ ਨਾਲ ਸਵਾਮਿਤਵ ਯੋਜਨਾ ਪਿੰਡਾਂ ਵਿੱਚ ਸਫਲ ਹੋ ਰਹੀ ਹੈ, ਕਰੀਬ ਸਵਾ ਤਿੰਨ ਕਰੋੜ ਪਰਿਵਾਰਾਂ ਨੂੰ ਇਸ ਦਾ ਲਾਭ ਮਿਲਿਆ ਹੈ।

**"ਦੁਨੀਆ ਇੱਕ ਸਮੇਂ ਕਹਿੰਦੀ ਸੀ ਕਿ ਹਿੰਦੁਸਤਾਨ ਦੀ economy, risk ਭਰੀ ਹੈ। ਅੱਜ ਉਹੀ ਲੋਕ ਉਹੀ ਸੰਸਥਾਵਾਂ, ਉਹੀ ਲੋਕ ਬਹੁਤ ਵਿਸ਼ਵਾਸ ਦੇ ਨਾਲ ਕਹਿ ਰਹੇ ਹਨ ਕਿ reform momentum, fundamental ਨੂੰ ਮਜ਼ਬੂਤੀ ਦੇ ਰਿਹਾ ਹੈ।"**

(ਸੁਤੰਤਰਤਾ ਦਿਵਸ 2018 ਵਿੱਚ ਲਾਲ ਕਿਲ੍ਹੇ ਦੀ ਫਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)



ਸੁਤੰਤਰਤਾ ਦਿਵਸ 2018 ਦੀ ਤਸਵੀਰ

# ਖੇਡਾਂ ਨਾਲ ਖਿੜਦਾ ਭਾਰਤ ਨਸ਼ਾ ਮੁਕਤ ਭਾਰਤ

*ਪ੍ਰਧਾਨ ਮੰਤਰੀ ਮੋਦੀ ਨੇ 2036 ਓਲੰਪਿਕ ਅਤੇ 2030 ਕੌਮਨ ਵੈਲਥ ਗੇਮਸ ਦੀ ਤਿਆਰੀ ਦੇ ਨਾਲ-ਨਾਲ ਨੌਜਵਾਨਾਂ ਨੂੰ ਨਸ਼ੇ ਤੋਂ ਦੂਰ ਰਹਿਣ ਦੀ ਤਾਕੀਦ ਕੀਤੀ...*

- ਜੋ ਖੇਡੇ, ਉਹ ਖਿੜੇ, ਹੁਣ ਖੇਡ ਦੇ ਪੋਡੀਅਮ ਵਿੱਚ ਭਾਰਤ ਦਾ ਰਾਸ਼ਟਰ-ਗਾਨ ਸੁਣਾਈ ਦਿੰਦਾ ਹੈ, ਤਿਰੰਗਾ ਲਹਿਰਾਉਂਦਾ ਹੈ।
- ਟੌਪਸ ਯੋਜਨਾ, ਖੇਲੋ ਇੰਡੀਆ ਗੇਮਸ, ਯੂਨੀਵਰਸਿਟੀ ਗੇਮਸ, ਵਿੰਟਰ ਗੇਮਸ, ਬੀਚ ਗੇਮਸ, ਸਪੋਰਟਸ ਇਨਫ੍ਰਾਸਟ੍ਰਕਚਰ, ਸਪੋਰਟਸ ਦੇ ਲਈ ਕੋਚਿੰਗ, ਸਪੋਰਟਸ ਮੈਡੀਸਿਨ, ਸਪੋਰਟਸ ਦੇ ਲਈ ਨਿਊਟ੍ਰੀਸ਼ਨ, ਇਨ੍ਹਾਂ ਸਾਰੇ ਵਿਸ਼ਿਆਂ ਵਿੱਚ ਭਾਰਤ ਹੁਣ ਮੁਹਾਰਤ ਹਾਸਲ ਕਰਨ ਦੀ ਦਿਸ਼ਾ ਵਿੱਚ ਅੱਗੇ ਵਧ ਰਿਹਾ ਹੈ।
- 2036 ਵਿੱਚ ਓਲੰਪਿਕ ਦੇ ਮਜ਼ਬੂਤ ਦਾਅਵੇਦਾਰ ਬਣ ਕੇ ਅੱਗੇ ਵਧ ਰਹੇ ਹਨ, 2030 ਵਿੱਚ ਕੌਮਨਵੈਲਥ ਗੇਮਸ ਹੋਸਟ ਕਰਨਗੇ।
- ਸਾਨੂੰ ਜੇਕਰ 2036 ਦੇ ਲਈ ਖਿਡਾਰੀ ਚਾਹੀਦੇ ਹਨ ਤਾਂ ਅੱਜ ਜੋ 5 ਤੋਂ 15 ਵਰ੍ਹੇ ਦੇ ਬੱਚਿਆਂ ਵਿੱਚ ਖੇਡ ਪ੍ਰਤਿਭਾ ਲੱਭਣ ਦੇ ਲਈ ਪਿੰਡ-ਪਿੰਡ, ਸਕੂਲ-ਸਕੂਲ ਟੈਲੰਟ ਹੰਟ ਅਭਿਆਨ ਚੱਲੇਗਾ।
- ਓਲੰਪਿਕ ਦੇ ਕਰੀਬ 325-350 ਮੁਕਾਬਲਿਆਂ ਵਿੱਚੋਂ ਦੋ-ਤਿਹਾਈ ਖੇਡਾਂ ਵਿੱਚ ਭਾਰਤ ਦੀ ਮੌਜੂਦਗੀ ਹੀ ਨਹੀਂ ਹੈ, ਭਾਰਤ ਉਸ 'ਤੇ ਜ਼ੋਰ ਦੇਵੇਗਾ ਅਤੇ ਇਸ ਦੇ ਲਈ ਅਸੀਂ ਇੱਕ ਟੈਲੰਟ ਹੰਟ ਅਭਿਆਨ ਵੀ ਚਲਾਉਣਾ ਚਾਹੁੰਦੇ ਹਾਂ।
- ਨਸ਼ਾ ਇੱਕ ਬਹੁਤ ਵੱਡਾ ਸੰਕਟ ਬਣਦਾ ਜਾ ਰਿਹਾ ਹੈ, ਨਸ਼ਾ ਮੁਕਤ ਭਾਰਤ ਸਾਡੀ ਸਭ ਦੀ ਸਮੂਹਿਕ ਜ਼ਿੰਮੇਵਾਰੀ ਹੈ।
- ਦੇਸ਼ ਦੇ ਸਮਾਜਿਕ ਸੱਭਿਆਚਾਰਕ ਸੰਗਠਨਾਂ ਨੇ, ਦੇਸ਼ ਦੇ ਅਧਿਆਤਮਿਕ ਪੁਰਸ਼ਾਂ ਨੇ ਮਿਲ ਕੇ ਨਸ਼ਾ ਮੁਕਤ ਭਾਰਤ ਦਾ 100 ਹਫ਼ਤਿਆਂ ਦਾ ਇੱਕ ਪ੍ਰੋਗਰਾਮ ਤੈਅ ਕੀਤਾ ਹੈ। 100 ਹਫਤੇ ਤੱਕ ਇੱਕ ਅਭਿਆਨ ਚਲਣ ਵਾਲਾ ਹੈ। ਮੈਂ ਹਰ ਪਰਿਵਾਰ ਨੂੰ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਵੀ ਇਸ ਅਭਿਆਨ ਦਾ ਹਿੱਸਾ ਬਣੋ।



**"ਜਦੋਂ ਕੁਰੂਕਸ਼ੇਤਰ ਦੇ ਯੁੱਧ ਵਿੱਚ, ਮੈਦਾਨ ਵਿੱਚ ਅਰਜੁਨ ਨੇ ਸ਼੍ਰੀ ਕ੍ਰਿਸ਼ਣ ਤੋਂ ਬਹੁਤ ਸਾਰੇ ਸਵਾਲ ਪੁੱਛੇ, ਤਦ ਕ੍ਰਿਸ਼ਣ ਨੇ ਅਰਜੁਨ ਨੂੰ ਕਿਹਾ ਸੀ, ਜਿਵੇਂ ਦਾ ਮਨ ਦਾ ਭਾਵ ਹੁੰਦਾ ਹੈ ਅਜਿਹਾ ਹੀ ਕਾਰਜ ਦਾ ਨਤੀਜਾ ਹੁੰਦਾ ਹੈ।"**

(ਸੁਤੰਤਰਤਾ ਦਿਵਸ 2017 ਵਿੱਚ ਲਾਲ ਕਿਲ੍ਹੇ ਦੀ ਫਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)

ਸੁਤੰਤਰਤਾ ਦਿਵਸ 2017 ਦੀ ਤਸਵੀਰ

# ਨਕਸਲਵਾਦ ਦਾ ਅੰਤ
# ਦਿਮਾਗੀ ਨਕਸਲ ਦੀ ਨਵੀਂ ਚੁਣੌਤੀ

*ਪ੍ਰਧਾਨ ਮੰਤਰੀ ਨੇ ਚਾਰ ਦਹਾਕੇ ਪੁਰਾਣੇ ਨਕਸਲਵਾਦ ਦੇ ਖਾਤਮੇ ਦੀ ਸਫਲਤਾ ਦੇ ਨਾਲ-ਨਾਲ 'ਬੁੱਧੀਜੀਵੀ ਨਕਸਲ' ਨੂੰ ਪਛਾਣਨ ਅਤੇ ਆਈਸੋਲੇਟ ਕਰਨ ਦੀ ਕੀਤੀ ਤਾਕੀਦ...*

- ਨਕਸਲਵਾਦ, ਮਾਓਵਾਦ ਨੇ ਲੱਖਾਂ ਨੌਜਵਾਨਾਂ ਦਾ ਭਵਿੱਖ ਤਬਾਹ ਕੀਤਾ। ਚਾਰ ਦਹਾਕਿਆਂ ਤੱਕ ਵੱਡੀ ਆਬਾਦੀ ਨੂੰ ਬੰਦੂਕ ਦੀ ਨੋਕ 'ਤੇ ਦਬੋਚੇ ਰੱਖਿਆ। ਦੇਸ਼ ਦੇ ਸਧਾਰਣ ਨਾਗਰਿਕਾਂ ਦੀ ਰੱਖਿਆ ਵਿੱਚ 3,500 ਤੋਂ ਵੱਧ ਪੁਲਿਸ ਸੁਰੱਖਿਆ ਬਲ ਦੇ ਜਵਾਨ ਸ਼ਹੀਦ ਹੋਏ।
- 2014 ਵਿੱਚ ਮੌਕਾ ਮਿਲਦੇ ਹੀ ਸੰਕਲਪ ਲਿਆ ਸੀ ਕਿ ਦੇਸ਼ ਨੂੰ ਨਕਸਲਵਾਦ ਤੋਂ ਮੁਕਤ ਕਰਾਂਗੇ। ਅੱਜ ਨਕਸਲੀ ਮਾਓਵਾਦੀ ਕੋਲ ਹਿੰਸਾ ਦੇ ਆਖਰੀ ਸਾਹ ਲੈਣ ਦੀ ਵੀ ਤਾਕਤ ਨਹੀਂ ਹੈ।
- ਜਿੱਥੇ ਕਦੇ ਨਕਸਲੀਆਂ ਦੀਆਂ ਗੋਲੀਆਂ ਚੱਲਦੀਆਂ ਸਨ, ਜਿੱਥੇ ਕਦੇ ਧਰਤੀ ਖੂਨ ਨਾਲ ਰੰਗੀ ਰਹਿੰਦੀ ਸੀ, ਅੱਜ ਉਸੇ ਨਕਸਲ ਖੇਤਰਾਂ ਵਿੱਚ ਨਕਸਲ ਮੁਕਤ ਹੋਣ ਦੇ ਕਾਰਨ ਤਰੱਕੀ, ਭਰੋਸੇ ਅਤੇ ਯਤਨ ਦਾ ਤਿਰੰਗਾ ਲਹਿਰਾ ਰਿਹਾ ਹੈ।
- ਜੰਗਲਾਂ ਵਿੱਚ ਸਾਨੂੰ ਹਥਿਆਰੀ ਨਕਸਲੀਆਂ ਦੇ ਸੰਕਟ ਤੋਂ ਦੇਸ਼ ਨੂੰ ਮੁਕਤ ਕਰਵਾਉਣ ਵਿੱਚ ਸਫਲਤਾ ਮਿਲੀ ਹੈ। ਹਥਿਆਰੀ ਨਕਸਲ ਤਾਂ ਗਏ ਪਰ ਬੁੱਧੀਜੀਵੀ ਨਕਸਲ ਮੌਕੇ ਦੀ ਤਲਾਸ਼ ਵਿੱਚ ਹਨ।
- ਹਿੰਸਾ ਅਰਾਜਕਤਾ ਦੇ ਉਹ ਰਸਤੇ ਖੋਜ ਰਹੇ ਹਨ। ਸਮਾਜ ਨੂੰ ਗਲਤ ਰਾਹ 'ਤੇ ਘਸੀਟਣ ਦੇ ਲਈ ਭਾਂਤ-ਭਾਂਤ ਦੇ ਦਾਅ ਕਰ ਰਹੇ ਹਨ। ਇਨ੍ਹਾਂ ਬੁੱਧੀਜੀਵੀ ਨਕਸਲੀਆਂ ਨੂੰ ਪਛਾਣ ਕੇ ਆਈਸੋਲੇਟ ਕਰਨਾ ਹੋਵੇਗਾ। ਵਿਕਸਿਤ ਰਾਸ਼ਟਰ ਬਣਾਉਣ ਦੀ ਮੁੱਖਧਾਰਾ ਦੇ ਵੱਲ ਦੇਸ਼ ਦੀ ਨੌਜਵਾਨ ਪੀੜ੍ਹੀ ਨੂੰ ਜੋੜਨਾ ਹੋਵੇਗਾ।
- ਇਸ ਚੁਣੌਤੀ ਨੂੰ ਘੱਟ ਨਹੀਂ ਮਾਪਣਾ ਹੈ। ਇਸ ਚੁਣੌਤੀ ਤੋਂ ਹੋਰ ਵੀ ਸਾਵਧਾਨ ਰਹਿਣ ਦੀ ਜ਼ਰੂਰਤ ਹੈ। ਵਰ੍ਹਿਆਂ ਤੱਕ ਦੇਸ਼ ਦੀ ਸੱਤਾ ਵਿੱਚ ਮਾਓਵਾਦੀ ਸੋਚ ਦੇ ਲੋਕ ਗਲਿਆਰਿਆਂ ਵਿੱਚ ਆਪਣੀ ਥਾਂ ਬਣਾ ਕੇ ਬੈਠੇ ਸਨ। ਸਰਕਾਰੀ ਕਮੇਟੀਆਂ ਵਿੱਚ ਸਲਾਹਕਾਰ ਦੇ ਰੂਪ ਵਿੱਚ ਵੀ ਇਸ ਮਾਓਵਾਦੀ ਸੋਚ ਨੇ ਨੀਤੀਆਂ ਨੂੰ ਪ੍ਰਭਾਵਿਤ ਕੀਤਾ ਸੀ।

**"ਇਹ ਗੱਲ ਸਹੀ ਹੈ ਦੇਸ਼ ਦੇ ਸਾਹਮਣੇ ਸਮੱਸਿਆਵਾਂ ਕਈ ਹਨ, ਪਰ ਇਹ ਅਸੀਂ ਨਾ ਭੁੱਲੀਏ ਕਿ ਜੇਕਰ ਸਮੱਸਿਆਵਾਂ ਹਨ ਤਾਂ ਇਸ ਦੇਸ਼ ਦੇ ਕੋਲ ਸਮਰੱਥ ਵੀ ਹੈ ਅਤੇ ਜਦੋਂ ਅਸੀਂ ਸਮਰੱਥ ਦੀ ਸ਼ਕਤੀ ਨੂੰ ਲੈ ਕੇ ਚਲਦੇ ਹਾਂ, ਤਾਂ ਸਮੱਸਿਆਵਾਂ ਤੋਂ ਹੱਲ ਦੇ ਰਸਤੇ ਵੀ ਮਿਲ ਜਾਂਦੇ ਹਨ।"**


(ਸੁਤੰਤਰਤਾ ਦਿਵਸ 2016 ਵਿੱਚ ਲਾਲ ਕਿਲ੍ਹੇ ਦੀ ਫਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)


ਸੁਤੰਤਰਤਾ ਦਿਵਸ 2016 ਦੀ ਤਸਵੀਰ

# ਸੁਰੱਖਿਅਤ, ਸਮਰੱਥ
# ਭਾਰਤ ਦੀ ਰੱਖਿਆ ਕ੍ਰਾਂਤੀ

ਬਦਲਦੇ ਯੁੱਧ ਦੇ ਰੂਪ ਦੇ ਵਿੱਚ ਪੀਐੱਮ ਮੋਦੀ ਨੇ ਮਿਸ਼ਨ ਸੁਦਰਸ਼ਨ ਚੱਕਰ, ਡਿਫੈਂਸ ਐਕਸਪੋਰਟ ਅਤੇ ਸਿਵਿਲ ਰੱਖਿਆ ਖੇਤਰ ਦੇ ਆਧੁਨਿਕੀਕਰਣ ਦਾ ਐਲਾਨ ਕੀਤਾ...

- ਅੱਜ ਯੁੱਧ ਦਾ ਸੁਭਾਅ ਬਦਲ ਰਿਹਾ ਹੈ। ਹੁਣ ਯੁੱਧ ਸਰਹੱਦ 'ਤੇ ਹੀ ਹੁੰਦਾ ਹੈ ਇਹ ਗਰੰਟੀ ਨਹੀਂ ਹੈ। ਅੱਜ ਯੁੱਧ ਸਰਹੱਦ ਦੇ ਅੰਦਰ ਕਿਤੇ ਰਿਫਾ-ਇਨਰੀ, ਕਿਤੇ ਬੈਂਕਿੰਗ ਸੈਕਟਰ, ਕਿਤੇ ਡੇਟਾ ਸੈਂਟਰ ਵਿੱਚ ਜਾ ਕੇ ਇੱਕ ਤਰ੍ਹਾਂ ਨਾਲ ਲੜਾਈ ਦਾ ਨਵਾਂ ਰੂਪ ਇਨਫ੍ਰਾਸਟ੍ਰਕਚਰ ਅਤੇ ਫੈਕਟਰੀਆਂ ਤੋੜੀਆਂ ਜਾ ਰਹੀਆਂ ਹਨ।
- ਲਾਲ ਕਿਲ੍ਹੇ ਤੋਂ ਐਲਾਨ ਕਰ ਰਿਹਾ ਹਾਂ ਕਿ ਅਸੀਂ ਆਉਣ ਵਾਲੇ ਦਿਨਾਂ ਵਿੱਚ ਸਿਵਿਲ ਡਿਫੈਂਸ ਦਾ ਇੱਕ ਵਾਈਬ੍ਰੈਂਟ ਨੈੱਟਵਰਕ ਖੜ੍ਹਾ ਕਰਾਂਗੇ। ਆਧੁਨਿਕ ਵਿਵਸਥਾਵਾਂ ਨਾਲ ਉਨ੍ਹਾਂ ਨੂੰ ਜਾਣੂ ਕਰਾਂਵਾਂਗੇ।
- ਡਿਫੈਂਸ ਵਿੱਚ ਆਤਮਨਿਰਭਰ ਹੋਣਾ ਲਾਜ਼ਮੀ ਹੈ, ਨੈਕਸਟ ਜੈਨਰੇਸ਼ਨ ਡਿਫੈਂਸ ਤਕਨਾਲੋਜੀ ਵਿਕਸਿਤ ਕਰ ਕੇ ਗਲੋਬਲ ਸਪਲਾਇਰ ਬਣਨਾ ਹੈ।
- ਆਧੁਨਿਕ ਸੰਕਟਾਂ ਤੋਂ ਨਾਗਰਿਕਾਂ ਨੂੰ ਰੱਖਿਆ ਕਰਨ ਦੀ ਕੀ ਵਿਵਸਥਾ ਹੋ ਸਕਦੀ ਹੈ, ਇੱਕ ਬਹੁਤ ਵੱਡਾ ਵਲੰਟਰੀ ਫੋਰਸ ਸਿਵਿਲ ਡਿਫੈਂਸ ਦੀਆਂ ਆਧੁਨਿਕ ਚੁਣੌਤੀਆਂ ਨੂੰ ਪਾਰ ਕਰਨ ਵਾਲਾ ਅਸੀਂ ਬਣਾਉਣ ਵਾਲੇ ਹਾਂ।
- ਡ੍ਰੋਨ, ਕਾਉਂਟਰ ਡ੍ਰੋਨ ਸਿਸਟਮ ਅਤੇ ਹਾਇਪਰਸੋਨਿਕ ਡਿਫੈਂਸ ਤਕਨਾਲੋਜੀ ਵਿੱਚ ਲੀਡਰਸ਼ਿਪ ਲੈਣੀ ਹੋਵੇਗੀ। ਸਾਇਬਰ ਸੁਰੱਖਿਆ ਵੀ ਅੱਜ ਹਰ ਘਰ ਦੀ ਸਮੱਸਿਆ ਬਣ ਰਹੀ ਹੈ, ਨੌਜਵਾਨਾਂ ਦੇ ਸਮਰੱਥ ਦੀ ਵਰਤੋਂ ਇੱਥੇ ਵੀ ਕਰਨੀ ਹੈ।
- ਮਿਸ਼ਨ ਸੁਦਰਸ਼ਨ ਚੱਕਰ 'ਤੇ ਤੇਜ਼ੀ ਨਾਲ ਕੰਮ ਚਲ ਰਿਹਾ ਹੈ। ਡਿਫੈਂਸ ਐਕਸਪੋਰਟ ਕਰੀਬ 50 ਗੁਣਾ ਵਧਿਆ ਹੈ, ਕਰੀਬ 100 ਦੇਸ਼ਾਂ ਵਿੱਚ ਸਾਡੇ ਅਸਤਰ-ਸ਼ਸਤਰ ਪਹੁੰਚ ਰਹੇ ਹਨ। ਆਲਮੀ ਪਟਲ 'ਤੇ ਭਾਰਤ ਦੀ ਪ੍ਰਤਿਸ਼ਠਾ ਹੌਲੀ-ਹੌਲੀ ਵਧ ਰਹੀ ਹੈ।



ਸੁਤੰਤਰਤਾ ਦਿਵਸ 2015 ਦੀ ਤਸਵੀਰ

"ਲੋਕਤੰਤਰ ਵਿੱਚ ਜਨਭਾਗੀਦਾਰੀ, ਇਹ ਸਭ ਤੋਂ ਵੱਡੀ ਪੂੰਜੀ ਹੁੰਦੀ ਹੈ, ਜੇਕਰ ਸਵਾ ਸੌ ਕਰੋੜ ਦੇਸ਼ ਵਾਸੀਆਂ ਦੀ ਭਾਗੀਦਾਰੀ ਨਾਲ ਅਸੀਂ ਦੇਸ਼ ਨੂੰ ਚਲਾਵਾਂਗੇ ਤਾਂ ਦੇਸ਼ ਹਰ ਪਲ ਸਵਾ ਸੌ ਕਰੋੜ ਕਦਮ ਅੱਗੇ ਚਲਦਾ ਚਲਿਆ ਜਾਵੇਗਾ ਅਤੇ ਇਸ ਲਈ, Team ਇੰਡੀਆ ਦੇ ਇਸ ਰੂਪ ਵਿੱਚ ਜਨਭਾਗੀਦਾਰੀ 'ਤੇ ਜ਼ੋਰ ਦਿੱਤਾ ਗਿਆ ਹੈ।"

(ਸੁਤੰਤਰਤਾ ਦਿਵਸ 2015 ਵਿੱਚ ਲਾਲ ਕਿਲ੍ਹੇ ਦੀ ਫਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)

# ਨਾਰੀ ਸ਼ਕਤੀ, ਸਮਾਜਿਕ ਸੁਰੱਖਿਆ ਅਤੇ ਜਨਗਣਨਾ ਦੀ ਤਾਕੀਦ

*ਬੇਟੀਆਂ ਦੀਆਂ ਉਪਲਬਧੀਆਂ ਤੋਂ ਲੈ ਕੇ ਮਹਿਲਾ ਰਾਖਵੇਂਕਰਨ ਅਤੇ ਜਨਗਣਨਾ ਵਿੱਚ ਸਹਿਭਾਗਤਾ ਤੱਕ, ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰ ਨਿਰਮਾਣ ਵਿੱਚ ਹਰ ਨਾਗਰਿਕ ਦੀ ਭਾਗੀਦਾਰੀ ਦੀ ਤਾਕੀਦ ਕੀਤੀ...*

- ਫਾਈਟਰ ਜੈੱਟ ਹੋਵੇ ਜਾਂ ਸ਼ਹਿਰੀ ਹਵਾਬਾਜ਼ੀ, ਸਟੈਮ ਐਜੂਕੇਸ਼ਨ ਹੋਵੇ ਜਾਂ ਸੈਨਾ, ਸਾਡੀਆਂ ਬੇਟੀਆਂ ਸਭ ਤੋਂ ਅੱਗੇ ਦਿਖਾਈ ਦੇ ਰਹੀਆਂ ਹਨ।
- ਸਾਨੰਦ ਦੇ ਸੈਮੀਕੰਡਕਟਰ ਪਲਾਂਟ ਵਿੱਚ ਦੇਸ਼ ਦੇ ਵੱਖ-ਵੱਖ ਕੋਨਿਆਂ ਤੋਂ ਆਈਆਂ ਕਬਾਇਲੀ ਬੇਟੀਆਂ ਕੰਮ ਕਰ ਰਹੀਆਂ ਹਨ।
- ਜਿਨ੍ਹਾਂ ਪਿੰਡਾਂ ਦੀਆਂ ਬੇਟੀਆਂ ਨੂੰ ਪਾਸਪੋਰਟ ਦਾ ਪਤਾ ਤੱਕ ਨਹੀਂ ਸੀ, ਉਹ ਵਿਦੇਸ਼ ਵਿੱਚ ਟ੍ਰੇਨਿੰਗ ਲੈ ਕੇ ਆਈਆਂ। ਅੱਜ ਚਿਪ ਨਿਰਮਾਣ ਦਾ ਕੰਮ ਕਰ ਰਹੀਆਂ ਹਨ, ਉਨ੍ਹਾਂ ਦੇ ਭਰੋਸੇ ਤੋਂ ਮੈਂ ਬਹੁਤ ਪ੍ਰਭਾਵਿਤ ਹੋਇਆ।
- 3 ਕਰੋੜ ਭੈਣਾਂ ਨੂੰ ਲਖਪਤੀ ਦੀਦੀ ਬਣਾਉਣ ਦਾ ਟੀਚਾ ਪਾਰ ਕਰ ਲਿਆ, ਹੁਣ 6 ਕਰੋੜ ਦਾ ਟੀਚਾ ਹੈ।
- ਸੰਸਦ ਵਿੱਚ ਨਾਰੀ ਸ਼ਕਤੀ ਵੰਦਨ ਅਧਿਨਿਯਮ ਪਾਸ ਕੀਤਾ ਸੀ। ਜਲਦੀ ਤੋਂ ਜਲਦੀ ਸਾਡੀਆਂ ਮਾਵਾਂ-ਭੈਣਾਂ ਨੂੰ 33% ਵਿਧਾਨ ਸਭਾ ਅਤੇ ਲੋਕ ਸਭਾ ਵਿੱਚ ਉਨ੍ਹਾਂ ਨੂੰ ਪ੍ਰਤੀਨਿਧਤਾ ਮਿਲੇ, ਉਹ ਭਾਰਤ ਦੀ ਨੀਤੀ ਘੜ੍ਹ ਕੇ ਆਪਣਾ ਯੋਗਦਾਨ ਦੇਣ।
- 2014 ਤੋਂ ਪਹਿਲਾਂ ਸਿਰਫ 25 ਕਰੋੜ ਲੋਕਾਂ ਦੇ ਕੋਲ ਸੋਸ਼ਲ ਸੁਰੱਖਿਆ ਕਵਰ ਸੀ, ਹੁਣ 100 ਕਰੋੜ ਨੂੰ ਕਵਚ ਦਿੱਤਾ ਗਿਆ।
- ਆਯੁਸ਼ਮਾਨ ਭਾਰਤ ਨਾਲ 70+ ਸਾਲ ਦੇ ਬਜ਼ੁਰਗਾਂ ਨੂੰ 5 ਲੱਖ ਰੁਪਏ ਤੱਕ ਮੁਫ਼ਤ ਦਵਾਈ ਦੀ ਵਿਵਸਥਾ, 2 ਲੱਖ ਕਰੋੜ ਰੁਪਏ ਦੀ ਬੱਚਤ ਹੋਈ।
- ਦੇਸ਼ ਵਿੱਚ ਜਨਗਣਨਾ ਦਾ ਕੰਮ ਚਲ ਰਿਹਾ ਹੈ, ਨਾਗਰਿਕ ਹੁਣ ਆਪਣੀ ਜਾਣਕਾਰੀ ਮੋਬਾਈਲ ਫੋਨ ਨਾਲ ਡਿਜੀਟਲੀ ਭਰ ਸਕਦੇ ਹਨ।
- ਲਾਲ ਕਿਲ੍ਹੇ ਤੋਂ ਪੰਚ ਪ੍ਰਣ ਦੀ ਗੱਲ ਕਹੀ ਸੀ। ਇਸ ਪੰਚ ਪ੍ਰਣ ਨੇ ਦੇਸ਼ ਨੂੰ ਸਵੈ ਮਾਣ ਦੇ ਵੱਲ ਲੈ ਕੇ ਵਧਣ ਅਤੇ ਟੀਚਿਆਂ ਨੂੰ ਪਾਰ ਕਰਨ ਦੇ ਸਮਰੱਥ ਨੂੰ ਇੱਕ ਬਹੁਤ ਵੱਡਾ ਸੰਬਲ ਦਿੱਤਾ ਹੈ।
- ਖੁਦ ਤੋਂ ਉੱਪਰ ਰਾਸ਼ਟਰ ਦਾ ਹਿਤ ਹੋਵੇ ਅਤੇ ਕਰਤੱਵ ਹੀ ਸਾਡੀ ਪਛਾਣ ਹੋਵੇ।

**"ਮੇਰੇ ਦੇਸ਼ ਵਾਸੀਓ, ਮੇਰੇ ਸ਼ਬਦਾਂ 'ਤੇ ਭਰੋਸਾ ਕਰੋ, ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ। ਹੁਣ ਤੱਕ ਕੀਤੇ ਹੋਏ ਪਾਪਾਂ ਨੂੰ, ਉਸ ਰਸਤੇ ਨੂੰ ਛੱਡੋ, ਸਦਭਾਵਨਾ, ਭਾਈਚਾਰੇ ਦਾ ਰਸਤਾ ਅਪਣਾਓ ਅਤੇ ਅਸੀਂ ਦੇਸ਼ ਨੂੰ ਅੱਗੇ ਲੈ ਜਾਣ ਦਾ ਸੰਕਲਪ ਲਈਏ। ਮੈਨੂੰ ਵਿਸ਼ਵਾਸ ਹੈ ਕਿ ਅਸੀਂ ਇਸ ਨੂੰ ਕਰ ਸਕਦੇ ਹਾਂ।"**

*(ਸੁਤੰਤਰਤਾ ਦਿਵਸ 2014 ਵਿੱਚ ਲਾਲ ਕਿਲ੍ਹੇ ਦੀ ਫਸੀਲ ਤੋਂ ਦਿੱਤੇ ਗਏ ਭਾਸ਼ਣ ਦਾ ਅੰਸ਼)*



ਸੁਤੰਤਰਤਾ ਦਿਵਸ 2014 ਦੀ ਤਸਵੀਰ

**ਵਿਭਾਜਨ ਵਿਭੀਸ਼ਿਕਾ ਸਮ੍ਰਿਤੀ ਦਿਵਸ**

# ਭਾਰਤ ਦੀ ਏਕਤਾ, ਅਖੰਡਤਾ

## ਅਤੇ ਸ਼ਾਂਤੀ ਬਣਾਏ ਰੱਖਣ ਦਾ ਦ੍ਰਿੜ੍ਹ ਸੰਕਲਪ

*ਦੇਸ਼ ਦੀ ਵੰਡ ਦੇ ਦਰਦ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਨਫ਼ਰਤ ਅਤੇ ਹਿੰਸਾ ਦੀ ਵਜ੍ਹਾ ਨਾਲ ਲੱਖਾਂ ਲੋਕਾਂ ਨੂੰ ਬੇਘਰ ਹੋਣਾ ਪਿਆ ਅਤੇ ਆਪਣੀ ਜਾਨ ਤੱਕ ਗੁਆਉਣੀ ਪਈ। ਉਨ੍ਹਾਂ ਲੋਕਾਂ ਦੇ ਸੰਘਰਸ਼ ਅਤੇ ਬਲੀਦਾਨ ਦੀ ਯਾਦ ਵਿੱਚ 14 ਅਗਸਤ ਨੂੰ 'ਵਿਭਾਜਨ ਵਿਭੀਸ਼ਿਕਾ ਸਮ੍ਰਿਤੀ ਦਿਵਸ' ਦੇ ਤੌਰ 'ਤੇ ਮਨਾਉਣ ਦਾ ਫ਼ੈਸਲਾ ਲਿਆ ਗਿਆ। 'ਵੰਡ ਦੇ ਭਿਆਨਕ ਯਾਦਗਾਰੀ ਦਿਵਸ' ਦਾ ਇਹ ਦਿਨ ਸਾਨੂੰ ਭੇਦਭਾਵ, ਵੈਰ-ਭਾਵ ਅਤੇ ਬੁਰਾਈ ਦੇ ਜ਼ਹਿਰ ਨੂੰ ਖ਼ਤਮ ਕਰਨ ਦੇ ਲਈ ਪ੍ਰੇਰਿਤ ਤਾਂ ਕਰਦਾ ਹੀ ਹੈ, ਇਸ ਨਾਲ ਮਨੁੱਖੀ ਸੰਵੇਦਨਾਵਾਂ ਵੀ ਹੁੰਦੀਆਂ ਹਨ ਮਜ਼ਬੂਤ...*




### ਦੇਸ਼ ਨੂੰ ਸਹਿਣਾ ਪਿਆ ਵੰਡ ਦਾ ਦਰਦ

ਭਾਰਤ ਨੂੰ 15 ਅਗਸਤ, 1947 ਨੂੰ ਬ੍ਰਿਟਿਸ਼ ਸ਼ਾਸਨ ਤੋਂ ਆਜ਼ਾਦੀ ਮਿਲੀ ਸੁਤੰਤਰਤਾ ਦਿਵਸ, ਜੋ ਹਰ ਸਾਲ 15 ਅਗਸਤ ਨੂੰ ਮਨਾਇਆ ਜਾਂਦਾ ਹੈ, ਕਿਸੇ ਵੀ ਰਾਸ਼ਟਰ ਦੇ ਲਈ ਇੱਕ ਖ਼ੁਸ਼ੀ ਅਤੇ ਮਾਣ ਦਾ ਮੌਕਾ ਹੁੰਦਾ ਹੈ। ਹਾਲਾਂਕਿ, ਆਜ਼ਾਦੀ ਦੀ ਮਿਠਾਸ ਦੇ ਨਾਲ-ਨਾਲ ਦੇਸ਼ ਨੂੰ ਵੰਡ ਦਾ ਦਰਦ ਵੀ ਸਹਿਣਾ ਪਿਆ। ਨਵੇਂ ਸੁਤੰਤਰ ਭਾਰਤੀ ਰਾਸ਼ਟਰ ਦਾ ਜਨਮ ਵੰਡ ਦੇ ਹਿੰਸਕ ਦਰਦ ਦੇ ਨਾਲ ਹੋਇਆ, ਜਿਸ ਨੇ ਲੱਖਾਂ ਭਾਰਤੀਆਂ 'ਤੇ ਪੀੜ੍ਹਾ ਦੇ ਸਥਾਈ ਨਿਸ਼ਾਨ ਛੱਡੇ। ਵੰਡ ਮਨੁੱਖੀ ਇਤਿਹਾਸ ਵਿੱਚ ਸਭ ਤੋਂ ਵੱਡੇ ਉਜਾੜਿਆਂ ਵਿੱਚੋਂ ਇੱਕ ਹੈ, ਜਿਸ ਨਾਲ ਲਗਭਗ 2 ਕਰੋੜ ਲੋਕ ਪ੍ਰਭਾਵਿਤ ਹੋਏ। ਲੱਖਾਂ ਪਰਿਵਾਰਾਂ ਨੂੰ ਆਪਣੇ ਜੱਦੀ ਪਿੰਡਾਂ, ਕਸਬਿਆਂ ਜਾਂ ਸ਼ਹਿਰਾਂ ਨੂੰ ਛੱਡਣਾ ਪਿਆ ਅਤੇ ਸ਼ਰਨਾਰਥੀ ਦੇ ਰੂਪ ਵਿੱਚ ਇੱਕ ਨਵਾਂ ਜੀਵਨ ਜਿਉਣ ਲਈ ਮਜ਼ਬੂਰ ਹੋਣਾ ਪਿਆ।




## ਸਾਰੇ ਦੇਸ਼ ਵਾਸੀਆਂ ਨੂੰ ਦਿਲ ਤੋਂ ਨਮਨ: ਪ੍ਰਧਾਨ ਮੰਤਰੀ ਮੋਦੀ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅਸੀਂ 'ਵਿਭਾਜਨ ਵਿਭੀਸ਼ਿਕਾ ਸਮ੍ਰਿਤੀ ਦਿਵਸ'ਮਨਾ ਰਹੇ ਹਾਂ। ਵੰਡ ਤੋਂ ਪ੍ਰਭਾਵਿਤ ਸਾਰੇ ਲੋਕਾਂ ਦੇ ਸਾਹਸ ਨੂੰ ਅਸੀਂ ਯਾਦ ਕਰਦੇ ਹਾਂ। ਇਤਿਹਾਸ ਦਾ ਉਹ ਪਲ ਕਈ ਜ਼ਿੰਦਗੀਆਂ ਨੂੰ ਤਹਿਸ-ਨਹਿਸ ਕਰਨ ਦੇਣ ਵਾਲਾ ਸੀ। ਪਰਿਵਾਰ ਉਜੜ ਗਏ, ਲੋਕਾਂ ਨੇ ਆਪਣਿਆਂ ਨੂੰ ਗੁਆਇਆ ਅਤੇ ਅਸਹਿਣ ਦਰਦ ਸਹਿਆ। ਇਨ੍ਹਾਂ ਸਾਰਿਆਂ 'ਤੇ ਜਿੱਤ ਪ੍ਰਾਪਤ ਕਰਦੇ ਹੋਏ, ਲੋਕਾਂ ਨੇ ਜ਼ੀਰੋ ਤੋਂ ਆਪਣਾ ਜੀਵਨ ਮੁੜ ਸਥਾਪਿਤ ਕੀਤਾ, ਮੁਸੀਬਤ ਨੂੰ ਸਫ਼ਲਤਾ ਵਿੱਚ ਬਦਲਿਆ ਗਿਆ ਅਤੇ ਰਾਸ਼ਟਰ ਦੀ ਤਰੱਕੀ ਵਿੱਚ ਅਮੁੱਲ ਯੋਗਦਾਨ ਦਿੱਤਾ। ਉਨ੍ਹਾਂ ਦੀਆਂ ਜੀਵਨ ਯਾਤਰਾਵਾਂ ਸਾਨੂੰ ਮਾਨਵੀ ਜੀਵਨ ਦੀ ਅਦੁੱਤੀ ਇੱਛਾ-ਸ਼ਕਤੀ ਦੀ ਯਾਦ ਦਿਵਾਉਂਦੀਆਂ ਹਨ। ਉਮੀਦ ਹੈ ਕਿ ਇਹ ਦਿਨ ਸਾਡੇ ਦੇਸ਼ ਵਿੱਚ ਸਦਭਾਵਨਾ ਅਤੇ ਭਾਈਚਾਰੇ ਨੂੰ ਬਣਾਏ ਰੱਖਣ ਦੇ ਸਾਡੇ ਸੰਕਲਪ ਨੂੰ ਹੋਰ ਮਜ਼ਬੂਤ ਕਰੇਗਾ। ਅਸੀਂ ਸਾਰੇ ਮਿਲ ਕੇ ਇੱਕ ਵਿਕਸਿਤ ਭਾਰਤ ਦੇ ਨਿਰਮਾਣ ਦੀ ਦਿਸ਼ਾ ਵਿੱਚ ਕੰਮ ਕਰਾਂਗੇ। 'ਵੰਡ ਦੇ ਭਿਆਨਕ ਯਾਦਗਾਰੀ ਦਿਵਸ' 'ਤੇ ਉਨ੍ਹਾਂ ਸਾਰੇ ਦੇਸ਼ ਵਾਸੀਆਂ ਨੂੰ ਦਿਲ ਤੋਂ ਪ੍ਰਣਾਮ, ਜਿਨ੍ਹਾਂ ਨੇ ਉਸ ਬੁਰੇ ਦੌਰ 'ਚੋਂ ਨਿਕਲ ਕੇ ਦੇਸ਼ ਦੀ ਤਰੱਕੀ ਵਿੱਚ ਅਮੁੱਲ ਯੋਗਦਾਨ ਦਿੱਤਾ। ਉਨ੍ਹਾਂ ਨੇ ਆਪਣੇ ਸਾਹਸ ਅਤੇ ਸਮਰੱਥਾ ਨਾਲ ਦਿਖਾਇਆ ਕਿ ਕਿਵੇਂ ਵਿਪਰਿਤ ਹਾਲਾਤਾਂ ਵਿੱਚ ਵੀ ਸੰਕਲਪਾਂ ਨੂੰ ਸਿੱਧ ਕੀਤਾ ਜਾਂਦਾ ਹੈ। ਆਓ, ਸਦਭਾਵਨਾ ਅਤੇ ਇਕਜੁੱਟਤਾ ਦੀ ਰਾਸ਼ਟਰੀ ਭਾਵਨਾ ਨੂੰ ਹੋਰ ਮਜ਼ਬੂਤ ਕਰੀਏ।



### 'ਏਕ ਭਾਰਤ, ਸ਼੍ਰੇਸ਼ਠ ਭਾਰਤ' ਬਣੇ ਸਾਡਾ ਸਰਬਉੱਚ ਟੀਚਾ: ਅਮਿਤ ਸ਼ਾਹ

ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ ਕਿਹਾ ਕਿ 14 ਅਗਸਤ 1947 ਦਾ ਦਿਨ ਇਤਿਹਾਸ ਦੇ ਉਸ ਕਰੂਰਤਮ ਅਧਿਆਇ ਦਾ ਗਵਾਹ ਹੈ, ਜਿਸ ਵਿੱਚ ਅਮਨੁੱਖੀ ਪੀੜ੍ਹਾ ਸਹਿੰਦੇ ਹੋਏ ਲੱਖਾਂ ਲੋਕਾਂ ਨੂੰ ਆਪਣਾ ਜੀਵਨ ਗੁਆਉਣਾ ਪਿਆ। ਕਰੋੜਾਂ ਲੋਕਾਂ ਨੂੰ ਘਰ, ਜਾਇਦਾਦ ਅਤੇ ਆਪਣਿਆਂ ਨੂੰ ਛੱਡ ਕੇ ਮੁੜ ਸਥਾਪਿਤ ਹੋਣਾ ਪਿਆ। ਦੇਸ਼ ਦੀ ਵੰਡ ਦਾ ਇਹ ਦਰਦ ਇਤਿਹਾਸ ਕਦੇ ਭੁੱਲ ਨਹੀਂ ਸਕੇਗਾ। ਇਸ ਤ੍ਰਾਸਦੀ ਵਿੱਚ ਆਪਣੀ ਜਾਨ ਗੁਆਉਣ ਵਾਲਿਆਂ ਅਤੇ ਅੱਤਿਆਚਾਰਾਂ ਦੇ ਖ਼ਿਲਾਫ਼ ਸੰਘਰਸ਼ ਕਰਨ ਵਾਲੇ ਸਾਰੇ ਲੋਕਾਂ ਨੂੰ ਸ਼ਰਧਾਪੂਰਵਕ ਨਮਨ ਕਰਦਾ ਹਾਂ। ਮੋਦੀ ਸਰਕਾਰ 'ਵੰਡ ਦੇ ਭਿਆਨਕ ਯਾਦਗਾਰੀ ਦਿਵਸ' ਦੇ ਮਾਧਿਅਮ ਨਾਲ ਇਸ ਤ੍ਰਾਸਦੀ ਦੀਆਂ ਯਾਦਾਂ ਨੂੰ ਯੁਵਾ ਪੀੜ੍ਹੀ ਤੱਕ ਪਹੁੰਚਾ ਰਹੀ ਹੈ, ਤਾਂ ਜੋ ਦੇਸ਼ ਨੂੰ ਫਿਰ ਤੋਂ ਤੋੜਨ ਵਾਲੀਆਂ ਤਾਕਤਾਂ ਕਦੇ ਸਫ਼ਲ ਨਾ ਹੋ ਸਕਣ ਅਤੇ 'ਏਕ ਭਾਰਤ, ਸ਼੍ਰੇਸ਼ਠ ਭਾਰਤ' ਹੀ ਸਾਡਾ ਸਰਬਉੱਚ ਉਦੇਸ਼ ਬਣੇ।



### ਸਸ਼ਕਤ, ਸੁਖਾਵਾਂ ਅਤੇ ਸੰਵੇਦਨਸ਼ੀਲ ਭਾਰਤ ਬਣਾਉਣਾ ਸਾਡੀ ਜ਼ਿੰਮੇਵਾਰੀ : ਰਾਜਨਾਥ ਸਿੰਘ

ਰਕਸ਼ਾ ਮੰਤਰੀ ਰਾਜਨਾਥ ਸਿੰਘ ਨੇ ਕਿਹਾ ਕਿ 'ਵੰਡ ਦੇ ਭਿਆਨਕ ਯਾਦਗਾਰੀ ਦਿਵਸ' ਸਾਨੂੰ ਭਾਰਤ ਦੀ ਵੰਡ ਦੀ ਤ੍ਰਾਸਦੀ ਦੀ ਯਾਦ ਦਿਵਾਉਂਦਾ ਹੈ, ਜਿਸ ਨੇ ਲੱਖਾਂ ਪਰਿਵਾਰਾਂ ਦੇ ਜੀਵਨ ਨੂੰ ਡੂੰਘੇ ਦੁੱਖ, ਉਜਾੜੇ ਅਤੇ ਅਨਿਸ਼ਚਿਤਤਾ ਨਾਲ ਭਰ ਦਿੱਤਾ ਸੀ। ਇਹ ਸਿਰਫ਼ ਇਤਿਹਾਸ ਦਾ ਇੱਕ ਦਰਦਨਾਕ ਅਧਿਆਏ ਨਹੀਂ ਹੈ, ਸਗੋਂ ਉਨ੍ਹਾਂ ਅਣਗਿਣਤ ਲੋਕਾਂ ਦੇ ਸੰਘਰਸ਼, ਸਾਹਸ, ਤਿਆਗ ਅਤੇ ਧੀਰਜ ਦੀ ਯਾਦ ਵੀ ਹੈ, ਜਿਨ੍ਹਾਂ ਨੇ ਆਪਣਾ ਘਰ-ਪਰਿਵਾਰ, ਜਾਇਦਾਦ ਅਤੇ ਆਪਣਿਆਂ ਨੂੰ ਗੁਆਉਣ ਦੇ ਬਾਵਜੂਦ, ਜੀਵਨ ਨੂੰ ਮੁੜ ਤੋਂ ਸੰਵਾਰਨ ਦਾ ਸੰਕਲਪ ਦਿਖਾਇਆ। ਇਹ ਦਿਵਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਇਤਿਹਾਸ ਦੇ ਦਰਦ ਨੂੰ ਸਿਰਫ਼ ਯਾਦਾਂ ਵਿੱਚ ਸੰਜੋਣਾ ਕਾਫ਼ੀ ਨਹੀਂ ਹੈ, ਉਨ੍ਹਾਂ ਤੋਂ ਸਿੱਖ ਲੈ ਕੇ ਅਜਿਹਾ ਸਸ਼ਕਤ, ਸੁਖਾਵਾਂ ਅਤੇ ਸੰਵੇਦਨਸ਼ੀਲ ਭਾਰਤ ਬਣਾਉਣਾ ਸਾਡੀ ਜ਼ਿੰਮੇਵਾਰੀ ਹੈ, ਜਿੱਥੇ ਵੰਡ ਦਾ ਦਰਦ ਕਦੇ ਮੁੜ ਕੇ ਕਿਸੇ ਸਮਾਜ ਨੂੰ ਨਾ ਸਹਿਣਾ ਪਵੇ। ਦੇਸ਼ ਦੀ ਵੰਡ ਦੀ ਤ੍ਰਾਸਦੀ ਵਿੱਚ ਆਪਣੀਆਂ ਜਾਨਾਂ ਦੀ ਆਹੂਤੀ ਦੇਣ ਵਾਲੇ ਸਾਰੇ ਜਾਣੇ-ਅਣਜਾਣੇ ਲੋਕਾਂ ਅਤੇ ਆਪਣੀ ਜਨਮਭੂਮੀ ਤੋਂ ਬੇਘਰ ਹੋਣ ਵਾਲੇ ਅਣਗਿਣਤ ਪਰਿਵਾਰਾਂ ਦੇ ਪ੍ਰਤੀ ਮੇਰੀ ਨਿਮਰ ਸ਼ਰਧਾਂਜਲੀ। ■






# ਅਨੁਕੂਲ ਵਾਤਾਵਰਣ ਨਾਲ ਉਦਯੋਗਿਕ ਕ੍ਰਾਂਤੀ ਦੀ ਨਵੀਂ ਉਡਾਣ

*ਵਿਕਾਸ ਦੇ ਲਈ ਸਿਰਫ਼ ਇਨਫ੍ਰਾਸਟ੍ਰਕਚਰ ਹੀ ਨਹੀਂ ਸਗੋਂ ਵਿਆਪਕ ਉਦਯੋਗਿਕ ਈਕੋਸਿਸਟਮ ਅਤੇ ਅਨੁਕੂਲ ਵਾਤਾਵਰਣ ਜ਼ਰੂਰੀ ਹੈ। ਆਂਧਰ ਪ੍ਰਦੇਸ਼ ਵਿੱਚ ਵੀ ਅਜਿਹਾ ਵਾਤਾਵਰਣ ਵਿਕਸਿਤ ਕੀਤਾ ਜਾ ਰਿਹਾ ਹੈ। ਇਹ ਹੀ ਵਜ੍ਹਾ ਹੈ ਕਿ ਅੱਜ ਦੁਨੀਆ ਦੀਆਂ ਅਨੇਕ ਵੱਡੀਆਂ ਕੰਪਨੀਆਂ ਇੱਥੇ ਨਿਵੇਸ਼ ਕਰਨ ਦੇ ਲਈ ਉਤਸੁਕ ਹਨ। ਵਿਕਾਸ ਦੇ ਇਸੇ ਕ੍ਰਮ ਨੂੰ ਅੱਗੇ ਵਧਾਉਂਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਂਧਰਾ ਪ੍ਰਦੇਸ਼ ਵਿੱਚ 17,900 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਵਿਕਾਸ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ ਅਤੇ ਰੱਖਿਆ ਨੀਂਹ ਪੱਥਰ...*



ਪ੍ਰਧਾਨ ਮੰਤਰੀ ਦੁਆਰਾ ਅਲੂਰੀ ਸੀਤਾਰਾਮ ਰਾਜੂ ਏਅਰ ਪੋਰਟ ਦੇ ਉਦਘਾਟਨ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਆਂਧਰ ਪ੍ਰਦੇਸ਼ ਦੇ ਉਦਯੋਗਿਕ ਖੇਤਰ ਵਿੱਚ ਵਿਆਪਕ ਬਦਲਾਅ ਦੀ ਪਰਿਕਲਪਨਾ ਪੇਸ਼ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਰਾਜ ਸੌਫਟਵੇਅਰ ਖੇਤਰ ਵਿੱਚ ਆਪਣੀ ਪਛਾਣ ਦੇ ਨਾਲ-ਨਾਲ ਗਲੋਬਲ ਮੈਨੂਫੈਕਚਰਿੰਗ ਹੱਬ ਦੇ ਰੂਪ ਵਿੱਚ ਵਿਕਸਿਤ ਹੋਵੇਗਾ। ਇਸ ਨਾਲ ਭਵਿੱਖ ਵਿੱਚ ਰੁਜ਼ਗਾਰ ਅਤੇ ਤਕਨਾਲੋਜੀ ਅਧਾਰਿਤ ਉਦਯੋਗਾਂ ਦੇ ਲਈ ਇੱਕ ਨਵਾਂ ਵਾਤਾਵਰਣ ਵੀ ਤਿਆਰ ਹੋਵੇਗਾ। ਸੁਨਹਿਰੀ ਆਂਧਰ ਪ੍ਰਦੇਸ਼ ਦੇ ਵਿਜ਼ਨ ਨੂੰ ਅੱਗੇ ਵਧਾਉਂਦੇ ਹੋਏ ਇੱਕ ਅਗਸਤ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਵਿਜੈਨਗਰਮ ਜ਼ਿਲ੍ਹੇ ਦੇ ਭੋਗਾਪੁਰਮ ਵਿੱਚ 17,900 ਕਰੋੜ ਰੁਪਏ ਤੋਂ ਵੱਧ ਦੀ ਲਾਗਤ ਵਾਲੇ ਕਈ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ।


ਕਬਾਇਲੀ ਭਾਈਚਾਰੇ ਦੇ ਮਹਾਨ ਨਾਇਕ ਅੱਲੂਰੀ ਸੀਤਾਰਾਮ ਰਾਜੂ ਨੂੰ ਨਮਨ ਕਰਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਇਸ ਪਾਵਨ ਭੂਮੀ 'ਤੇ ਸ਼ੁਰੂ ਕੀਤਾ ਗਿਆ ਇਹ ਨਵਾਂ ਹਵਾਈ ਅੱਡਾ ਖੇਤਰੀ ਵਿਕਾਸ ਦੇ ਲਈ ਇੱਕ ਮਹੱਤਵਪੂਰਨ ਰਨਵੇਅ ਅਤੇ ਨੌਜਵਾਨਾਂ ਦੇ ਉੱਜਵਲ ਭਵਿੱਖ ਦੇ ਲਈ ਇੱਕ ਸਸ਼ਕਤ ਲਾਂਚ ਪੈਡ ਹੈ। ਨਵੇਂ ਹਵਾਈ ਅੱਡੇ ਦਾ ਨਾਮ ਮਹਾਨ ਆਜ਼ਾਦੀ ਸੈਨਾਨੀ ਅੱਲੂਰੀ ਸੀਤਾਰਾਮ ਰਾਜੂ ਦੇ ਨਾਮ 'ਤੇ ਰੱਖਣ ਦੇ ਸਰਕਾਰ ਦੇ ਰਸਮੀ ਫ਼ੈਸਲੇ ਦੀ ਪ੍ਰਧਾਨ ਮੰਤਰੀ ਨੇ ਸ਼ਲਾਘਾ ਕੀਤੀ। ਵਿਸ਼ਵਾਸ ਪ੍ਰਗਟ ਕੀਤਾ ਕਿ ਇਹ ਯਾਦਗਾਰੀ ਸ਼ਰਧਾਂਜਲੀ ਇਸ ਹਵਾਈ ਅੱਡੇ ਤੋਂ ਲੰਘ ਕੇ ਹਰੇਕ ਯਾਤਰੀ ਵਿੱਚ ਰਾਸ਼ਟਰ ਸੇਵਾ ਦੀ ਡੂੰਘੀ ਭਾਵਨਾ ਦਾ ਸੰਚਾਰ ਕਰੇਗਾ।

## ਪ੍ਰਧਾਨ ਮੰਤਰੀ ਮੋਦੀ ਦੀਆਂ ਆਂਧਰ ਪ੍ਰਦੇਸ਼ ਦੇ ਵਿਕਾਸ ਦੀਆਂ ਮਹੱਤਵਪੂਰਨ ਗੱਲਾਂ...

- ਵਰਤਮਾਨ ਵਿੱਚ ਲਗਭਗ ਇੱਕ ਲੱਖ ਕਰੋੜ ਰੁਪਏ ਦੀ ਲਾਗਤ ਵਾਲੇ ਰੇਲ ਪ੍ਰੋਜੈਕਟਾਂ 'ਤੇ ਕੰਮ ਚੱਲ ਰਹਾ ਹੈ।
- ਪੂਰੇ ਰੇਲ ਨੈੱਟਵਰਕ ਦਾ ਬਿਜਲੀਕਰਣ ਕੀਤਾ ਜਾ ਚੁੱਕਿਆ ਹੈ ਅਤੇ 70 ਤੋਂ ਵੱਧ ਰੇਲਵੇ ਸਟੇਸ਼ਨਾਂ ਦਾ ਆਧੁਨਿਕੀਕਰਣ ਕੀਤਾ ਜਾ ਰਿਹਾ ਹੈ।
- ਸੌਫਟਵੇਅਰ ਅਤੇ ਤਕਨਾਲੋਜੀ ਖੇਤਰ ਵਿੱਚ ਇੱਥੋਂ ਦੇ ਨੌਜਵਾਨਾਂ ਦੀ ਗਲੋਬਲ ਪਛਾਣ ਦੀ ਪ੍ਰਸ਼ੰਸਾ ਕੀਤੀ।
- ਨੌਜਵਾਨ ਪ੍ਰਤਿਭਾ ਨੂੰ ਦੇਸ਼ ਵਿੱਚ ਹੀ ਮੌਕੇ ਉਪਲਬਧ ਕਰਵਾ ਕੇ ਉਸ ਦੀ ਸਮਰੱਥਾ ਦਾ ਵੱਧ ਤੋਂ ਵੱਧ ਉਪਯੋਗ ਨੂੰ ਯਕੀਨੀ ਬਣਾਉਣ ਦੀ ਜ਼ਰੂਰਤ ਹੈ।
- ਸਰਕਾਰ ਦਾ ਧਿਆਨ ਹੁਣ ਮੁੱਖ ਤੌਰ 'ਤੇ ਸੈਮੀਕੰਡਕਟਰ ਵਰਗੇ ਭਵਿੱਖਮੁਖੀ ਤਕਨਾਲੋਜੀ ਅਧਾਰਿਤ ਉਦਯੋਗਾਂ 'ਤੇ ਹੈ।
- ਗੂਗਲ ਦੁਆਰਾ 15 ਅਰਬ ਡਾਲਰ ਦੇ ਵਿਸ਼ਾਲ ਪਰਿਸਰ ਦੇ ਐਲਾਨ ਦਾ ਜ਼ਿਕਰ ਕਰਦੇ ਹੋਏ ਕਿਹਾ ਕਿ ਇਹ ਰਾਜ ਵਿੱਚ ਗਲੋਬਲ ਨਿਵੇਸ਼ਕਾਂ ਦੀ ਵਧਦੀ ਦਿਲਚਸਪੀ ਦਾ ਸਪਸ਼ਟ ਸੰਕੇਤ ਹੈ।
- ਦੁਨੀਆ ਦੀਆਂ ਕਈ ਗਲੋਬਲ ਕੰਪਨੀਆਂ ਇੱਥੇ ਨਵੀਆਂ ਸੰਭਾਵਨਾਵਾਂ ਦੇਖ ਰਹੀਆਂ ਹਨ, ਜਿਸ ਦਾ ਵੱਡਾ ਲਾਭ ਰਾਜ ਅਤੇ ਦੇਸ਼ ਦੇ ਨੌਜਵਾਨਾਂ ਨੂੰ ਮਿਲੇਗਾ।
- ਕੇਂਦਰ ਸਰਕਾਰ ਨੱਕਾਪੱਲੀ ਵਿੱਚ ਇੱਕ ਵਿਸ਼ਾਲ ਫਾਰਮਾ ਪਾਰਕ ਦੀ ਸਥਾਪਨਾ ਦੇ ਲਈ ਸਹਿਯੋਗ ਪ੍ਰਦਾਨ ਕਰ ਰਹੀ ਹੈ।
- ਅਖੁੱਟ ਊਰਜਾ ਖੇਤਰ ਦੇ ਲਈ ਰਾਇਲ ਸੀਮਾ ਖੇਤਰ ਵਿੱਚ ਪੰਜ ਲੱਖ ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਆਕਰਸ਼ਿਤ ਹੋਇਆ ਹੈ।
- ਪ੍ਰਧਾਨ ਮੰਤਰੀ ਮੋਦੀ ਦੀਆਂ ਪਿਛਲੀਆਂ ਤਿੰਨ ਯਾਤਰਾਵਾਂ ਦੇ ਦੌਰਾਨ ਹੀ ਰਾਜ ਵਿੱਚ 2 ਲੱਖ ਕਰੋੜ ਰੁਪਏ ਦੀ ਲਾਗਤ ਵਾਲੇ ਪ੍ਰੋਜੈਕਟਾਂ ਦੀ ਸ਼ੁਰੂਆਤ ਕੀਤੀ ਗਈ ਹੈ।

- **ਹਾਲ ਹੀ ਵਿੱਚ 29,000 ਕਰੋੜ ਰੁਪਏ ਦੇ ਵੱਡੇ ਨਿਵੇਸ਼ ਦੇ ਨਾਲ ਉਡਾਣ ਯੋਜਨਾ ਦੇ ਦੂਜੇ ਪੜਾਅ ਦਾ ਸ਼ੁਰੂਆਤ ਕੀਤੀ ਗਈ ਹੈ।**

### ਸੰਚਾਲਿਤ ਹਵਾਈ ਅੱਡੇ






*"ਅੱਜ ਦੇਸ਼ blue economy ਨੂੰ ਲਗਾਤਾਰ ਮਜ਼ਬੂਤ ਕਰ ਰਿਹਾ ਹੈ। ਸਾਡਾ vision ਹੈ ਕਿ ਇਹ ਪੂਰਾ ਖੇਤਰ Coastal Economic Corridor ਦੇ ਰੂਪ ਵਿੱਚ ਵਿਕਸਿਤ ਹੋਵੇ। ਇਸੀ ਟੀਚੇ ਦੇ ਨਾਲ, ਵਿਸ਼ਾਖਾਪਟਨਮ ਤੋਂ ਕ੍ਰਿਸ਼ਨਾਪਟਨਮ ਤੱਕ... ਸਾਡੇ ਪੁਰਾਣੇ ports ਨੂੰ ਆਧੁਨਿਕ ਰੂਪ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਮੂਲਪੇਟਾ ਅਤੇ ਰਾਮਾਯਾਪਟਨਮ ਵਿੱਚ, ਅਸੀਂ ਨਵੇਂ ports ਵੀ ਬਣਾ ਰਹੇ ਹਾਂ।*

*-ਨਰੇਂਦਰ ਮੋਦੀ, ਪ੍ਰਧਾਨ ਮੰਤਰੀ*

# ਵਿਸ਼ਵਵਿਆਪੀ ਵਿਕਾਸ ਨੂੰ ਗਤੀ ਦਿੰਦੇ ਭਾਰਤੀ ਯੁਵਾ

*ਦੇਸ਼ ਦੇ ਯੁਵਾ ਅੱਜ ਵਿਸ਼ਵਵਿਆਪੀ ਵਿਕਾਸ ਨੂੰ ਨਵੀਂ ਗਤੀ ਦੇ ਰਹੇ ਹਨ। ਸਵਾਮੀ ਵਿਵੇਕਾਨੰਦ ਦੇ ਸੁਪਨਿਆਂ ਦੇ ਭਾਰਤ ਦਾ ਨਿਰਮਾਣ ਕਰਨਾ ਵਰਤਮਾਨ ਪੀੜ੍ਹੀ ਦੀ ਪ੍ਰਮੁੱਖ ਜ਼ਿੰਮੇਵਾਰੀ ਹੈ। ਇਸੇ ਯੁਵਾ ਪੀੜ੍ਹੀ ਦੀ ਚੇਤਨਾ ਦੇ ਸੰਵਾਹਕ ਸਵਾਮੀ ਵਿਵੇਕਾਨੰਦ ਦੇ ਨਾਮ 'ਤੇ ਕਰਨਾਟਕ ਦੇ ਮੈਸੂਰੂ ਵਿੱਚ 'ਸਵਾਮੀ ਵਿਵੇਕਾਨੰਦ ਸੱਭਿਆਚਾਰਕ ਯੁਵਾ ਕੇਂਦਰ - ਵਿਵੇਕਾ ਸਮਾਰਕ' ਬਣਿਆ ਹੈ, ਜਿਸ ਦਾ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 1 ਅਗਸਤ ਨੂੰ ਕੀਤਾ ਉਦਘਾਟਨ...*

ਰਾਮਕ੍ਰਿਸ਼ਨ ਮਿਸ਼ਨ ਦੀਆਂ ਸਿੱਖਿਆਵਾਂ ਵਿੱਚ ਆਪਣੀਆਂ ਡੂੰਘੀ ਅਧਿਆਤਮਕ ਜੜ੍ਹਾਂ ਦਾ ਜ਼ਿਕਰ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਪਣੇ ਸ਼ੁਰੂਆਤੀ ਦਿਨਾਂ ਤੋਂ ਲੈ ਕੇ ਵਰਤਮਾਨ ਜ਼ਿੰਮੇਵਾਰੀਆਂ ਤੱਕ ਦੀ ਵਿਅਕਤੀਗਤ ਯਾਤਰਾ 'ਤੇ ਇਸ ਸੰਸਥਾ ਦੇ ਅਥਾਹ ਪ੍ਰਭਾਵ ਨੂੰ ਯਾਦ ਕੀਤਾ। ਨਵ-ਨਿਰਮਿਤ ਸਵਾਮੀ ਵਿਵੇਕਾਨੰਦ ਸੱਭਿਆਚਾਰਕ ਯੁਵਾ ਕੇਂਦਰ - ਵਿਵੇਕਾ ਸਮਾਰਕ ਦੀ ਵਿਰਾਸਤ ਦਾ ਉਤਸਵ ਮਨਾਉਂਦੇ ਹੋਏ ਪ੍ਰਧਾਨ ਮੰਤਰੀ ਮੋਦੀ ਨੇ ਮਹਾਨ ਸੰਤ, ਕੁਵੇਂਪੂ ਵਰਗੇ ਸਥਾਨਕ ਵਿਦਵਾਨਾਂ ਅਤੇ ਸ਼ਹਿਰ ਦੇ ਬੌਧਿਕ ਇਤਿਹਾਸ ਦੇ ਦਰਮਿਆਨ ਦੇ ਗੂੜ੍ਹੇ ਇਤਿਹਾਸਕ ਸਬੰਧਾਂ ਨੂੰ ਵੀ ਨਮਨ ਕੀਤਾ।

ਪ੍ਰਧਾਨ ਮੰਤਰੀ ਮੋਦੀ ਨੇ ਯਾਦ ਦਿਵਾਇਆ ਕਿ 130 ਤੋਂ ਵੱਧ ਵਰ੍ਹਿਆ ਪਹਿਲਾਂ ਕਿਵੇਂ ਮੈਸੂਰ ਦੇ ਤਤਕਾਲੀ ਮਹਾਰਾਜਾ ਨੇ ਇੱਕ ਯੁਵਾ, ਭਟਕਦੇ ਸੰਨਿਆਸੀ ਨੂੰ ਪਛਾਣਿਆ ਅਤੇ ਉਨ੍ਹਾਂ ਦੀ ਮਦਦ ਕੀਤੀ। ਇਹ ਇੱਕ ਅਜਿਹਾ ਮਹੱਤਵਪੂਰਨ ਸਹਿਯੋਗ ਸੀ ਜਿਸ ਨੂੰ ਸਵਾਮੀ ਵਿਵੇਕਾਨੰਦ ਨੇ ਬਾਅਦ ਵਿੱਚ ਅਮਰੀਕਾ ਤੋਂ ਡੂੰਘੇ ਧੰਨਵਾਦ ਦੇ ਨਾਲ ਸਵੀਕਾਰ ਕੀਤਾ ਸੀ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਸੱਚੇ ਅਰਥਾਂ ਵਿੱਚ ਜੀਉਂਦਾ ਉਹ ਹੀ ਹੈ ਜੋ ਦੂਜਿਆਂ ਦੇ ਲਈ ਜੀਉਂਦਾ ਹੈ। ਇਸੀ ਮੰਤਰ ਦੇ ਨਾਲ ਆਸ਼ਰਮ ਨੇ ਗੌਰਵਸ਼ਾਲੀ ਸੌ ਵਰ੍ਹੇ ਪੂਰੇ ਕੀਤੇ ਹਨ।

ਸਵਾਮੀ ਵਿਵੇਕਾਨੰਦ ਦੇ ਦੌਰ ਵਿੱਚ ਭਾਰਤੀ ਨੌਜਵਾਨਾਂ ਨੂੰ ਅਧੀਨ ਕਰਨ ਦੀ ਸਥਿਤੀ ਦੀ ਤੁਲਨਾ ਅੱਜ ਉਨ੍ਹਾਂ ਦੇ ਗਲੋਬਲ ਪ੍ਰਭਾਵ ਨਾਲ ਕਰਦੇ ਹੋਏ, ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਕਿਵੇਂ ਉਸ ਦਾਰਸ਼ਨਿਕ ਨੇ ਨੌਜਵਾਨਾਂ ਦੀ ਸਿੱਖਿਆ ਨੂੰ ਰਾਸ਼ਟਰ ਨਿਰਮਾਣ ਦਾ ਮੁੱਖ ਅਧਾਰ ਮੰਨਿਆ ਸੀ। ਜੋ ਭਾਰਤੀ ਯੁਵਾ ਕਦੇ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੇ ਹੋਏ ਸਨ, ਅੱਜ ਉਹ ਪੂਰੇ ਵਿਸ਼ਵ ਦੇ ਵਿਕਾਸ ਨੂੰ ਬੇਮਿਸਾਲ ਗਤੀ ਦੇ ਰਹੇ ਹਨ।





ਪ੍ਰਧਾਨ ਮੰਤਰੀ ਮੋਦੀ ਦੁਆਰਾ ਵਿਵੇਕਾ ਸਮਾਰਕ ਦੇ ਉਦਘਾਟਨ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

> *ਸਵਾਮੀ ਵਿਵੇਕਾਨੰਦ ਜੀ ਨੇ ਜਿਸ ਤਰ੍ਹਾਂ ਦੇ ਭਾਰਤ ਦਾ ਸੁਪਨਾ ਦੇਖਿਆ ਸੀ, ਉਸ ਨੂੰ ਪੂਰਾ ਕਰਨ ਦੀ ਜ਼ਿੰਮੇਵਾਰੀ ਅੱਜ ਦੀ ਪੀੜ੍ਹੀ 'ਤੇ ਹੈ।*
>
> ***-ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

## ਨੌਜਵਾਨਾਂ ਦੇ ਸੰਦਰਭ ਵਿੱਚ ਪੀਐੱਮ ਮੋਦੀ ਨੇ ਕਿਹਾ...

- 14 ਹਜ਼ਾਰ ਤੋਂ ਵੱਧ ਪੀਐੱਮ ਸ਼੍ਰੀ ਸਕੂਲ
- 10 ਹਜ਼ਾਰ ਤੋਂ ਵੱਧ ਅਟਲ ਟਿੰਕਰਿੰਗ ਲੈਬ
- ਆਈਆਈਐੱਮ (IIM) ਅਤੇ ਆਈਆਈਟੀ (IIT) ਦੀ ਸੰਖਿਆ ਵਿੱਚ ਵਾਧਾ
- MBBS ਮੈਡੀਕਲ ਸੀਟਾਂ ਦੀ ਸੰਖਿਆ ਲਗਭਗ 1.40 ਲੱਖ ਤੱਕ ਪਹੁੰਚੀ

ਦੇਸ਼ ਨੂੰ ਦੁਨੀਆ ਦੀ ਸਭ ਤੋਂ ਤੇਜ਼ੀ ਨਾਲ ਵਧਦੀ ਅਰਥਵਿਵਸਥਾ, ਤੀਜਾ ਸਭ ਤੋਂ ਵੱਡਾ ਸਟਾਰਟਅੱਪ ਈਕੋਸਿਸਟਮ ਅਤੇ ਦੂਜਾ ਸਭ ਤੋਂ ਵੱਡਾ ਮੋਬਾਈਲ ਨਿਰਮਾਣ ਕੇਂਦਰ ਬਣਾਉਣ ਦਾ ਸਿਹਰਾ ਨੌਜਵਾਨਾਂ ਨੂੰ ਜਾਂਦਾ ਹੈ। ਅੱਜ ਭਾਰਤ ਆਪਣੇ ਨੌਜਵਾਨਾਂ ਦੀ ਅਪਾਰ ਸਮਰੱਥਾ ਦੇ ਬਲ 'ਤੇ ਏਆਈ (AI), ਡੀਪ ਟੈੱਕ, ਸਪੇਸ ਟੈਕਨਾਲੋਜੀ ਅਤੇ ਇਨੋਵੇਸ਼ਨ ਵਿੱਚ ਸਫ਼ਲਤਾ ਦੇ ਨਵੇਂ ਅਤੇ ਸੁਨਹਿਰੀ ਅਧਿਆਏ ਲਿਖ ਰਿਹਾ ਹੈ। ਆਤਮਨਿਰਭਰ ਭਾਰਤ ਅਭਿਆਨ ਹੋਵੇ ਜਾਂ ਮੇਕ ਇਨ ਇੰਡੀਆ, ਇਨ੍ਹਾਂ ਦੀ ਅੰਤਿਮ ਸਫ਼ਲਤਾ ਦੇ ਪਿੱਛੇ ਅਸਲੀ ਬਲ ਵਿਸ਼ੇਸ਼ ਤੌਰ 'ਤੇ ਭਾਰਤ ਦੇ ਨੌਜਵਾਨਾਂ ਦੀ ਸ਼ਕਤੀ ਹੀ ਹੈ। ▪



ਕੇਂਦਰੀ ਕੈਬਨਿਟ ਦੇ ਫ਼ੈਸਲੇ

# ਗੁਵਾਹਾਟੀ-ਤੇਜ਼ਪੁਰ ਹਾਈਵੇਅ ਅਤੇ ਗੋਬਰਧਨ ਯੋਜਨਾ ਨੂੰ ਮਨਜ਼ੂਰੀ

*ਉੱਤਰ-ਪੂਰਬ ਵਿੱਚ ਕਨੈਕਟੀਵਿਟੀ ਨੂੰ ਵਧਾਉਣ ਅਤੇ ਦੇਸ਼ ਦੇ ਬੁਨਿਆਦੀ ਢਾਂਚੇ ਨੂੰ ਸਸ਼ਕਤ ਬਣਾਉਣ ਦੇ ਲਈ ਕੇਂਦਰੀ ਕੈਬਨਿਟ ਨੇ ਅਸਾਮ ਵਿੱਚ ਲਗਭਗ 136 ਕਿਲੋਮੀਟਰ ਲੰਬੇ ਚਾਰ ਲੇਨ ਵਾਲੇ ਗੁਵਾਹਾਟੀ-ਤੇਜ਼ਪੁਰ ਕੌਰੀਡੋਰ ਦੇ ਵਿਕਾਸ ਨੂੰ ਮਨਜ਼ੂਰੀ ਦਿੱਤੀ ਹੈ। ਉੱਥੇ ਹੀ, ਊਰਜਾ ਖੇਤਰ ਨੂੰ ਮਜ਼ਬੂਤ ਕਰਨ ਅਤੇ ਭਾਰਤ ਵਿੱਚ ਬਾਇਓਗੈਸ ਉਤਪਾਦਨ ਨੂੰ ਹੁਲਾਰਾ ਦੇਣ ਦੇ ਲਈ 'ਗੋਬਰਧਨ ਯੋਜਨਾ' ਨੂੰ ਮਨਜ਼ੂਰੀ ਦਿੱਤੀ ਗਈ ਹੈ। ਕੈਬਨਿਟ ਦੇ ਇਨ੍ਹਾਂ ਦੋਵਾਂ ਫੈਸਲਿਆਂ ਨਾਲ ਜਿੱਥੇ ਉੱਤਰ-ਪੂਰਬ ਵਿੱਚ ਕਨੈਕਟੀਵਿਟੀ ਨੂੰ ਨਵੀਂ ਰਫ਼ਤਾਰ ਮਿਲੇਗੀ, ਉੱਥੇ ਹੀ ਕਿਸਾਨਾਂ ਦੀ ਆਮਦਨ ਵਧੇਗੀ ਅਤੇ ਊਰਜਾ ਸੁਰੱਖਿਆ ਹੋਵੇਗੀ ਮਜ਼ਬੂਤ...*

**ਫ਼ੈਸਲਾ: ਅਸਮ ਵਿੱਚ ਗੁਵਾਹਾਟੀ ਦੇ ਕੋਲ ਰਾਸ਼ਟਰੀ ਰਾਜਮਾਰਗ-15 ਨਾਲ ਲੱਗੇ ਬੈਹਾਟਾ ਚਾਰਿਆਲੀ ਤੋਂ ਤੇਜ਼ਪੁਰ ਤੱਕ 15.11 ਕਿਲੋਮੀਟਰ ਮੰਗਲਦੋਈ ਬਾਈਪਾਸ ਨੂੰ ਛੱਡ ਕੇ 4 ਲੇਨ ਮਾਰਗ ਦੇ ਨਿਰਮਾਣ ਨੂੰ ਮਨਜ਼ੂਰੀ।**

**ਪ੍ਰਭਾਵ:** ਪ੍ਰੋਜੈਕਟ ਨਾਲ ਔਸਤ ਯਾਤਰਾ ਗਤੀ ਲਗਭਗ ਦੁੱਗਣੀ ਹੋਵੇਗੀ, ਯਾਤਰਾ ਸਮਾਂ ਅੱਧਾ ਰਹਿ ਜਾਵੇਗਾ। ਸਮੁੱਚੀ ਸੜਕ ਸੁਰੱਖਿਆ ਵਿੱਚ ਸੁਧਾਰ ਹੋਵੇਗਾ। ਈਂਧਣ ਖਪਤ ਘੱਟ ਹੋਵੇਗੀ ਅਤੇ ਵਾਹਨਾਂ ਦੀ ਸੰਚਾਲਨ ਲਾਗਤ ਵਿੱਚ ਕਮੀ ਆਵੇਗੀ। ਇਸ ਨਾਲ ਖੇਤਰੀ ਗਤੀਸ਼ੀਲਤਾ ਅਤੇ ਸਮਾਜਿਕ-ਆਰਥਿਕ ਵਿਕਾਸ ਨੂੰ ਹੁਲਾਰਾ ਮਿਲੇਗਾ।


- ਇਸ ਪ੍ਰੋਜੈਕਟ ਵਿੱਚ 15 ਵੱਡੇ ਪੁਲ, 30 ਛੋਟੇ ਪੁਲ, 19 ਫਲਾਈਓਵਰ ਅਤੇ ਤੇਜ਼ਪੁਰ ਬਾਈਪਾਸ 'ਤੇ ਇੱਕ ਹਾਥੀ ਅੰਡਰਪਾਸ ਦੇ ਨਿਰਮਾਣ ਦਾ ਪ੍ਰਾਵਧਾਨ ਹੈ।
- 8970.20 ਕਰੋੜ ਰੁਪਏ ਦੀ ਲਾਗਤ ਨਾਲ 135.87 ਕਿਲੋਮੀਟਰ ਲੰਬੇ ਮਾਰਗ ਦਾ ਨਿਰਮਾਣ ਹੋਵੇਗਾ।
- ਤੇਜ਼ਪੁਰ ਬਾਈਪਾਸ 'ਤੇ 4.9 ਕਿਲੋਮੀਟਰ ਲੰਬੀ ਐਮਰਜੈਂਸੀ ਲੈਂਡਿੰਗ ਸੁਵਿਧਾ ਵਿਕਸਿਤ ਕੀਤੀ ਜਾਵੇਗੀ।
- ਅਸਮ ਅਤੇ ਅਰੁਣਾਚਲ ਪ੍ਰਦੇਸ਼ ਦੇ ਪ੍ਰਮੁੱਖ ਆਰਥਿਕ, ਸਮਾਜਿਕ ਅਤੇ ਲੌਜਿਸਟਿਕਸ ਨੋਡਸ ਨੂੰ ਨਿਰਵਿਘਨ ਰੂਪ ਨਾਲ ਜੋੜੇਗੀ।

**ਫ਼ੈਸਲਾ: ਕੰਪ੍ਰੈਸਡ ਬਾਇਓਗੈਸ ਦੇ ਲਈ, ਰਾਸ਼ਟਰੀ ਏਕੀਕ੍ਰਿਤ ਯੋਜਨਾ, ਗੋਬਰਧਨ ਨੂੰ 23,731 ਕਰੋੜ ਰੁਪਏ ਦੇ ਖਰਚੇ ਦੇ ਨਾਲ ਮਨਜ਼ੂਰੀ।**

**ਪ੍ਰਭਾਵ:** ਦੇਸ਼ ਦੀ ਜੈਵਿਕ ਸੰਪਦਾ ਨੂੰ ਸਵੱਛ ਊਰਜਾ, ਗ੍ਰਾਮੀਣ ਸਮ੍ਰਿੱਧੀ ਅਤੇ ਆਰਥਿਕ ਵਿਕਾਸ ਵਿੱਚ ਪਰਿਵਰਤਿਤ ਕਰਨ ਦੀ ਇਤਿਹਾਸਕ ਰਾਸ਼ਟਰੀ ਯੋਜਨਾ। ਯੋਜਨਾ ਵਿੱਤੀ ਵਰ੍ਹੇ 2026-27 ਤੋਂ 2035-36 ਤੱਕ ਲਾਗੂ ਕੀਤੀ ਜਾਵੇਗੀ।

- ਸੁਨਿਸ਼ਚਿਤ ਖਰੀਦ, ਸਥਿਰ ਮੁੱਲ ਨਿਰਧਾਰਨ, ਪੂੰਜੀ ਸਹਾਇਤਾ ਅਤੇ ਪਾਈਪਲਾਈਨ ਕਨੈਕਟੀਵਿਟੀ ਨਾਲ ਕੰਪ੍ਰੈਸਡ ਬਾਇਓਗੈਸ ਉਤਪਾਦਨ ਨੂੰ ਗਤੀ ਦੇਣ ਦੇ ਲਈ ਏਕੀਕ੍ਰਿਤ ਢਾਂਚਾ।
- ਘਰੇਲੂ ਕੰਪ੍ਰੈਸਡ ਬਾਇਓਗੈਸ ਉਤਪਾਦਨ ਵਿੱਚ ਲਗਭਗ ਦਸ ਗੁਣਾ ਵਾਧੇ ਦਾ ਟੀਚਾ, ਦੇਸ਼ ਦੀ ਊਰਜਾ ਸੁਰੱਖਿਆ ਮਜ਼ਬੂਤ ਹੋਵੇਗੀ।
- ਕਿਸਾਨਾਂ, ਗ੍ਰਾਮੀਣ ਉੱਦਮੀਆਂ, ਨਿਜੀ ਨਿਵੇਸ਼, ਕਚਰੇ ਤੋਂ ਧਨ ਅਤੇ ਆਤਮਨਿਰਭਰ ਭਾਰਤ ਨੂੰ ਵੱਡਾ ਪ੍ਰੋਤਸਾਹਨ।

ਕੈਬਨਿਟ ਦੇ ਫ਼ੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।




# 'ਯੁਵਾ' ਹਰ ਫ਼ੈਸਲੇ ਦਾ ਅਧਾਰ

*ਦੇਸ਼ ਦੁਨੀਆ ਵਿੱਚ ਅੱਜ ਦੀਆਂ ਵੱਖ-ਵੱਖ ਚੁਣੌਤੀਆਂ ਨੂੰ ਦੇਖਦੇ ਹੋਏ ਸਾਡੀਆਂ ਜ਼ਿੰਮੇਵਾਰੀਆਂ ਵੀ ਵੱਖਰੀਆਂ ਹਨ। ਆਪਣੇ ਜੀਵਨ ਦੇ ਅਗਲੇ 30-35 ਵਰ੍ਹਿਆਂ ਵਿੱਚ ਜੋ ਕੁਝ ਵੀ ਯੁਵਾ ਕਰਨਗੇ, ਉਹ ਵਿਕਸਿਤ ਭਾਰਤ ਦੀ ਯਾਤਰਾ ਨੂੰ ਪ੍ਰਭਾਵਿਤ ਕਰੇਗਾ। ਇਹੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਆਈਆਈਟੀ ਦਿੱਲੀ ਦੀ ਕਨਵੋਕੇਸ਼ਨ ਵਿੱਖੇ ਵਿਦਿਆਰਥੀਆਂ ਨੂੰ ਕਿਹਾ ਕਿ ਤੁਹਾਡੇ ਹਰ ਫ਼ੈਸਲੇ ਦਾ ਅਧਾਰ ਇਹ ਵੀ ਹੋਣਾ ਚਾਹੀਦਾ ਹੈ ਕਿ ਇਸ ਨਾਲ ਦੇਸ਼ ਨੂੰ ਕੀ ਫਾਇਦਾ ਹੋਵੇਗਾ? ਅੱਜ ਭਾਰਤ...ਆਰਥਿਕ ਆਤਮ-ਨਿਰਭਰਤਾ, ਤਕਨੀਕੀ ਆਤਮ-ਨਿਰਭਰਤਾ, ਉਦਯੋਗਿਕ ਆਤਮ-ਨਿਰਭਰਤਾ ਦੇ ਲਈ ਕੰਮ ਕਰ ਰਿਹਾ ਹੈ। ਇਸੇ ਮਜ਼ਬੂਤ ਨੀਂਹ 'ਤੇ ਕਰਨਾ ਹੈ ਇੱਕ ਸ਼ਾਨਦਾਰ ਅਤੇ ਵਿਕਸਿਤ ਭਾਰਤ ਦਾ ਨਿਰਮਾਣ...*

ਵਿਕਸਿਤ ਭਾਰਤ ਦੀ ਇਸ ਯਾਤਰਾ ਵਿੱਚ ਨੌਜਵਾਨਾਂ ਦੀ ਵੱਡੀ ਭੂਮਿਕਾ ਨੂੰ ਲੈ ਕੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਦੇਸ਼ ਦਾ ਯੁਵਾ ਜਿੰਨਾ ਮਜ਼ਬੂਤ ਹੋਵੇਗਾ, ਦੇਸ਼ ਵੀ ਓਨਾ ਹੀ ਸਸ਼ਕਤ ਹੋਵੇਗਾ। ਇਸੇ ਸੋਚ ਦੇ ਨਾਲ ਸਰਕਾਰ ਨੇ ਕਈ ਅਜਿਹੇ ਖੇਤਰ ਖੋਲ੍ਹੇ ਹਨ, ਜਿੱਥੇ ਨੌਜਵਾਨਾਂ ਦੇ ਲਈ ਐਂਟਰੀ ਪਹਿਲਾਂ ਬੰਦ ਹੋਇਆ ਕਰਦੀ ਸੀ। ਸਰਕਾਰ ਦੀਆਂ ਆਧੁਨਿਕ ਨੀਤੀਆਂ ਦੀ ਵਜ੍ਹਾ ਨਾਲ ਅੱਜ ਦੇਸ਼ ਵਿੱਚ ਨੌਜਵਾਨਾਂ ਦੇ ਲਈ ਨਵੇਂ-ਨਵੇਂ ਖੇਤਰ ਵੀ ਬਣ ਰਹੇ ਹਨ।

ਆਈਆਈਟੀ ਦਿੱਲੀ ਦੀ 57ਵੀਂ ਕਨਵੋਕੇਸ਼ਨ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਹੁਸ਼ਿਆਰ ਵਿਦਿਆਰਥੀਆਂ ਨੂੰ ਸੰਸਥਾਨ ਦੇ ਸਭ ਤੋਂ ਪ੍ਰਤਿਸ਼ਠਿਤ ਸਨਮਾਨ ਪ੍ਰਦਾਨ ਕੀਤੇ। ਆਈਆਈਟੀ ਦਿੱਲੀ ਦੇ ਸੋਨੀਪਤ ਕੈਂਪਸ ਵਿੱਚ ਸਥਾਪਿਤ ਏਆਈ-

# ਵਿਦਿਆਰਥੀਆਂ ਨੂੰ ਪ੍ਰਧਾਨ ਮੰਤਰੀ ਮੋਦੀ ਨੇ ਸ਼ੇਅਰ ਕੀਤੀਆਂ ਲਾਈਫ ਦੀਆਂ ਕੁਝ ਪ੍ਰੈਕਟੀਕਲ ਗੱਲਾਂ...

- **ਕੈਂਪਸ ਦਾ ਜੀਵਨ ਅਤੇ ਕੈਂਪਸ ਦੇ ਬਾਹਰ ਦਾ ਜੀਵਨ, ਇਨ੍ਹਾਂ ਦੋਵਾਂ ਵਿੱਚ ਬਹੁਤ ਅੰਤਰ ਹੁੰਦਾ ਹੈ। ਆਈਆਈਟੀ ਦੀ ਪ੍ਰੀਖਿਆ ਵਿੱਚ ਸਿਲੇਬਸ ਹੁੰਦਾ ਹੈ, ਪਰੰਤੂ ਜ਼ਿੰਦਗੀ ਦੀ ਪ੍ਰੀਖਿਆ ਵਿੱਚ ਸਭ ਕੁਝ ਆਉਟ ਆਫ ਸਿਲੇਬਸ ਹੁੰਦਾ ਹੈ।**
- **ਯਾਦ ਕਰੋ, ਕੈਂਪਸ ਲਾਈਫ ਵਿੱਚ ਸਾਰੇ ਫੰਡੇ ਕਲੀਅਰ ਹੁੰਦੇ ਸਨ... ਸਭ ਪਹਿਲਾਂ ਤੋਂ ਤੈਅ ਹੁੰਦਾ ਸੀ। ਪਰ ਜ਼ਿੰਦਗੀ... ਇੱਥੇ ਨਾ ਕੋਈ ਤੈਅ ਕੋਰਸ ਹੁੰਦਾ ਹੈ, ਨਾ ਕੋਈ ਪ੍ਰਸ਼ਨ ਪੱਤਰ ਹੁੰਦਾ ਹੈ। ਕਈ ਵਾਰ ਤਾਂ, ਇਹ ਵੀ ਕੋਈ ਨਹੀਂ ਦੱਸਦਾ ਕਿ ਅਸਲੀ ਸਵਾਲ ਕੀ ਸੀ, ਉਹ ਸਵਾਲ ਵੀ ਖੁਦ ਪਛਾਣਨਾ ਪੈਂਦਾ ਹੈ।**
- **ਹਰ ਪੀੜ੍ਹੀ ਦੇ ਸਾਹਮਣੇ ਉਸ ਟਾਈਮ ਪੀਰੀਅਡ ਦੀਆਂ ਆਪਣੀਆਂ ਚੁਣੌਤੀਆਂ ਹਨ। ਹਰ ਪੀੜ੍ਹੀ ਦੀ ਆਪਣੀ ਇੱਕ ਰਾਸ਼ਟਰੀ ਜ਼ਿੰਮੇਵਾਰੀ ਵੀ ਹੁੰਦੀ ਹੈ। ਸਾਡੇ ਦੇਸ਼ ਨੇ ਗੁਲਾਮੀ ਦਾ ਉਹ ਸਮਾਂ ਵੀ ਦੇਖਿਆ ਹੈ, ਜਦੋਂ ਉਸ ਪੀੜ੍ਹੀ ਦੇ ਸਾਹਮਣੇ ਸਿਰਫ਼ ਇੱਕ ਹੀ ਟੀਚਾ ਸੀ- ਭਾਰਤ ਦੀ ਆਜ਼ਾਦੀ।**
- **ਜਦੋਂ ਅਸੀਂ ਵੱਡੇ ਗੋਲਸ ਨੂੰ ਅਚੀਵ ਕਰਨ ਦੇ ਲਈ ਨਿਕਲਦੇ ਹਾਂ, ਤਾਂ ਇੱਕ ਵੱਡਾ distraction ਵੀ ਸਾਡੇ ਸਾਹਮਣੇ ਆਉਂਦਾ ਹੈ। ਇਹ distraction ਹੁੰਦਾ ਹੈ- ਇੱਕ ਦੂਸਰੇ ਨਾਲ comparison ਦਾ। ਅੱਜ ਦੇ ਸੋਸ਼ਲ ਮੀਡੀਆ ਦੇ ਦੌਰ ਵਿੱਚ, ਇਹ ਤੁਲਨਾ ਕਦੇ ਖ਼ਤਮ ਨਹੀਂ ਹੁੰਦੀ।**
- **ਯਾਦ ਰੱਖੋ, ਜ਼ਿੰਦਗੀ ਕੋਈ ਲੀਡਰ-ਬੋਰਡ ਨਹੀਂ ਹੈ, ਤੁਹਾਡੀ ਅਸਲ ਦੌੜ ਕਿਸੇ ਹੋਰ ਨਾਲ ਨਹੀਂ, ਖੁਦ ਆਪਣੇ ਆਪ ਨਾਲ ਹੈ। ਹਰ ਦਿਨ ਕੱਲ੍ਹ ਤੋਂ ਬਿਹਤਰ ਬਣਨ ਦੀ ਕੋਸ਼ਿਸ਼ ਕਰਦੇ ਰਹੋ।**
- **ਅੱਜ ਦੁਨੀਆ ਦੀ Strategic Equations ਬਹੁਤ ਤੇਜ਼ੀ ਨਾਲ ਬਦਲ ਰਹੀ ਹੈ। ਗਲੋਬਲ ਪਾਵਰ ਬੈਲੇਂਸ ਵੀ ਪ੍ਰਤੀ ਪਲ ਬਦਲ ਰਿਹਾ ਹੈ। ਇਸ ਦੇ ਪਿੱਛੇ ਸਭ ਤੋਂ ਵੱਡੀ ਫੋਰਸ ਹੈ- ਟੈਕਨੋਲੋਜੀ ਦੀ ਸਪੀਡ।**




*ਲਾਈਫ ਵਿੱਚ curiosity ਬਣਾਈ ਰੱਖੋ, ਆਪਣੀ Learning Instinct ਨੂੰ ਲਗਾਈ ਰੱਖੋ। ਜੋ ਗੱਲਾਂ ਬਿਨਾ ਸੋਚੇ ਸਮਝੇ ਸਵੀਕਾਰ ਕਰ ਲਈਆਂ ਜਾਂਦੀਆਂ ਹਨ... ਉਨ੍ਹਾਂ ਨੂੰ ਪਰਖੋ। ਉਨ੍ਹਾਂ 'ਤੇ ਸਵਾਲ ਚੁੱਕੋ। ਪਰ ਸਿਰਫ਼ ਸਵਾਲ ਪੁੱਛ ਕੇ ਨਾ ਰੁਕੋ। ਉਨ੍ਹਾਂ ਦਾ ਹੱਲ ਲੱਭਣ ਦੀ ਹਿੰਮਤ ਵੀ ਰੱਖੋ। ਇਹੀ ਸੋਚ ਤੁਹਾਡੀ ਵੱਖਰੀ ਪਛਾਣ ਬਣਾਏਗੀ।*

*-ਨਰੇਂਦਰ ਮੋਦੀ, ਪ੍ਰਧਾਨ ਮੰਤਰੀ*

ਸਮਰੱਥ ਉੱਚ- ਪ੍ਰਦਰਸ਼ਨ ਸੁਪਰ ਕੰਪਿਊਟਿੰਗ ਸੁਵਿਧਾ 'ਪਰਮ ਪ੍ਰਗਿਆ' ਦਾ ਵੀ ਉਦਘਾਟਨ ਕੀਤਾ। ਇਸ ਸੁਪਰ ਕੰਪਿਊਟਿੰਗ ਸੁਵਿਧਾ ਨਾਲ ਸੰਸਥਾਨ ਦੀ ਆਰਟੀਫਿਸ਼ੀਅਲ ਇੰਟੈਲੀਜੈਂਸ, ਡੇਟਾ ਵਿਗਿਆਨ, ਉੱਨਤ ਕੰਪਿਊਟਿੰਗ ਅਤੇ ਅੰਤ ਵਿਸ਼ਾ ਖੋਜ ਸਮੱਰਥਾਵਾਂ ਵਿੱਚ ਜ਼ਿਕਰਯੋਗ ਵਾਧਾ ਹੋਣ ਦੀ ਉਮੀਦ ਹੈ।

ਪ੍ਰਧਾਨ ਮੰਤਰੀ ਮੋਦੀ ਨੇ ਪਿਛਲੀ ਵਾਰ ਆਈਆਈਟੀ ਦਿੱਲੀ ਕਨਵੋਕੇਸ਼ਨ ਵਿੱਚ ਵਰਚੁਅਲ ਸੰਬੋਧਨ ਦੇ ਦੌਰਾਨ ਸਪੇਸ ਸੈਕਟਰ ਵਿੱਚ ਹੋ ਰਹੇ ਸੁਧਾਰ ਬਾਰੇ ਚਰਚਾ ਨੂੰ ਯਾਦ ਕਰਦੇ ਹੋਏ ਕਿਹਾ ਕਿ ਉਦੋਂ ਤੱਕ ਇਸ ਸੈਕਟਰ ਵਿੱਚ ਲਗਭਗ ਪੂਰਾ ਕੰਮ ਸਰਕਾਰ ਹੀ ਕਰਦੀ ਸੀ। ਪਰ ਅੱਜ, ਨਾਲ ਹੀ ਸਪੇਸ ਸੈਕਟਰ ਹਜ਼ਾਰਾਂ ਨੌਜਵਾਨਾਂ ਦੇ ਲਈ ਨਵੇਂ ਮੌਕਿਆਂ ਦਾ ਅਸਮਾਨ ਬਣ ਚੁੱਕਿਆ ਹੈ। ਅੱਜ ਸਾਡੇ ਨੌਜਵਾਨ ਆਪਣੇ ਲਾਂਚ ਵ੍ਹੀਕਲ ਬਣਾ ਰਹੇ ਹਨ, ਰਾਕੇਟ ਲਾਂਚ ਕਰ ਰਹੇ ਹਨ। ਅਜਿਹੀਆਂ ਪ੍ਰਾਪਤੀਆਂ ਹਾਸਲ ਕਰ ਰਹੇ ਹਨ, ਜੋ ਦੁਨੀਆ ਦੇ ਗਿਣੇ-ਚੁਣੇ ਦੇਸ਼ ਹੀ ਹਾਸਲ ਕਰ ਸਕੇ ਹਨ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।



# ਯੂਪੀਆਈ ਸੇਵਾ ਮੁਫ਼ਤ ਰਹੇਗੀ ਜਾਰੀ...

*ਡਿਜੀਟਲ ਭੁਗਤਾਨ ਨੂੰ ਹੋਰ ਜ਼ਿਆਦਾ ਸਸ਼ਕਤ ਅਤੇ ਪਾਰਦਰਸ਼ੀ ਬਣਾਉਣ ਦੀ ਦਿਸ਼ਾ ਵਿੱਚ ਭਾਰਤ ਸਰਕਾਰ ਨੇ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਟੈਕਸੇਸ਼ਨ ਅਤੇ ਹੋਰ ਕਾਨੂੰਨ (ਸੋਧ) ਬਿਲ 2026 ਦੇ ਪਾਸ ਹੋਣ ਤੋਂ ਬਾਅਦ ਯੂਪੀਆਈ ਨਾਲ ਜੁੜੇ ਚਾਰਜਿਸ ਦੇ ਲਈ ਨਿਯਮਾਂ ਦੀ ਰੂਪ-ਰੇਖਾ ਸਪਸ਼ਟ ਹੋ ਗਈ ਹੈ। ਆਮ ਖਪਤਕਾਰਾਂ ਅਤੇ ਪਰਸਨ-ਟੂ -ਪਰਸਨ (ਪੀ2ਪੀ) ਲੈਣ-ਦੇਣ ਦੇ ਲਈ ਯੂਪੀਆਈ ਸੇਵਾ ਪੂਰੀ ਤਰ੍ਹਾਂ ਨਾਲ ਮੁਫ਼ਤ ਜਾਰੀ ਰਹੇਗੀ। ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਸਪਸ਼ਟ ਕੀਤਾ ਕਿ ਡਿਜੀਟਲ ਲੈਣ-ਦੇਣ ਬਾਰੇ ਮਰਚੈਂਟ ਡਿਸਕਾਉਂਟ ਰੇਟ (ਐੱਮਡੀਆਰ) ਵਪਾਰੀਆਂ 'ਤੇ ਲਾਗੂ ਹੁੰਦਾ ਹੈ, ਗ੍ਰਾਹਕਾ'ਤੇ ਨਹੀਂ। ਐੱਮਡੀਆਰ ਚਾਰਜ ਨਾਲ ਬੈਂਕ ਅਤੇ ਫਿਨਟੈੱਕ ਕੰਪਨੀਆਂ ਨੂੰ ਇਨਫ੍ਰਾਸਟ੍ਰਕਚਰ ਅਤੇ ਸੁਰੱਖਿਆ 'ਤੇ ਵਧੇਰੇ ਨਿਵੇਸ਼ ਵਿੱਚ ਮਿਲੇਗੀ ਮਦਦ...*

ਸੰਸਦ ਨੇ ਟੈਕਸੇਸ਼ਨ ਅਤੇ ਹੋਰ ਕਾਨੂੰਨ (ਸੋਧ) ਬਿਲ, 2026 ਪਾਸ ਕਰ ਦਿੱਤਾ ਹੈ। ਸੰਸਦ ਵਿੱਚ ਵਿੱਤ ਮੰਤਰੀ ਨਿਰਮਲਾ ਸੀਤਾਰਮਣ ਨੇ ਸਾਫ ਕੀਤਾ ਕਿ ਇਹ ਕਾਨੂੰਨ UPI 'ਤੇ ਕੋਈ ਟੈਕਸ ਨਹੀਂ ਲਗਾਉਂਦਾ ਹੈ ਅਤੇ ਡਿਜੀਟਲ ਪੇਮੈਂਟ ਸਿਸਟਮ ਕੰਜ਼ਿਊਮਰਸ ਦੇ ਲਈ ਫ੍ਰੀ ਰਹੇਗਾ। ਉਨ੍ਹਾਂ ਨੇ ਇਹ ਵੀ ਕਿਹਾ ਕਿ UPI ਨਾਲ ਜੁੜਿਆ ਬਦਲਾਅ ਸਿਰਫ ਇੱਕ ਜ਼ਰੂਰੀ ਪ੍ਰੋਵੀਜ਼ਨ ਹੈ ਅਤੇ ਇਹ ਖੁਦ ਯੂਜਰਸ 'ਤੇ ਕੋਈ ਟੈਕਸ ਜਾਂ ਟ੍ਰਾਂਜੈਕਸ਼ਨ ਚਾਰਜ ਨਹੀਂ ਲਗਾਉਂਦਾ ਹੈ। ਸਰਕਾਰ ਨੇ ਸਪਸ਼ਟ ਕੀਤਾ ਹੈ ਕਿ ਛੋਟੇ ਵਪਾਰੀਆਂ 'ਤੇ ਕੋਈ ਐੱਮਡੀਆਰ ਲਗਾਉਣ ਦਾ ਇਰਾਦਾ ਨਹੀਂ ਹੈ, ਕਿਉਂਕਿ ਉਹ ਯੂਪੀਆਈ ਵੀ ਸਾਰਿਆਂ ਨੂੰ ਨਾਲ ਲੈ ਕੇ ਚੱਲਣ ਵਾਲੀ ਗ੍ਰੋਥ ਦੇ ਲਈ ਜ਼ਰੂਰੀ ਹੈ।

## ਯੂਪੀਆਈ ਨਾਲ ਜੁੜੇ ਮਹੱਤਵਪੂਰਨ ਤੱਥ...

- ਸਾਲ 2016-17 ਵਿੱਚ ਲਾਂਚ ਹੋਣ ਦੇ ਬਾਅਦ ਤੋਂ, ਏਕੀਕ੍ਰਿਤ ਭੁਗਤਾਨ ਇੰਟਰਫੇਸ (ਯੂਪੀਆਈ), ਭਾਰਤ ਦੀ ਡਿਜੀਟਲ ਅਰਥਵਿਵਸਥਾ ਨੂੰ ਦੁਨੀਆ ਦੇ ਸਭ ਤੋਂ ਸਮਾਵੇਸ਼ੀ ਅਤੇ ਗਤੀਸ਼ੀਲ ਭੁਗਤਾਨ ਪ੍ਰਣਾਲੀਆਂ ਵਿੱਚੋਂ ਇੱਕ ਹੈ।
- ਯੂਪੀਆਈ ਦੁਨੀਆ ਦੀ ਸਭ ਤੋਂ ਤੇਜ਼ ਭੁਗਤਾਨ ਪ੍ਰਣਾਲੀ ਹੈ, ਸਿਰਫ ਜੁਲਾਈ 2026 ਵਿੱਚ 29.9 ਲੱਖ ਕਰੋੜ ਰੁਪਏ ਦੇ 2,366 ਕਰੋੜ ਲੈਣ-ਦੇਣ ਕੀਤੇ ਗਏ ਹਨ।
- ਯੂਪੀਆਈ ਹੁਣ 12 ਦੇਸ਼ਾਂ ਨਾਲ ਜੁੜਿਆ ਹੈ, ਉੱਥੇ ਸਵੀਕਾਰ ਕੀਤਾ ਜਾਂਦਾ ਹੈ। ਸਰਕਾਰ ਅੰਤਰਰਾਸ਼ਟਰੀ ਪੱਧਰ 'ਤੇ ਯੂਪੀਆਈ ਨੂੰ ਲਗਾਤਾਰ ਹੁਲਾਰਾ ਦੇ ਰਹੀ ਹੈ।




## ਭਾਰਤ ਸਰਕਾਰ ਨੇ ਸਪਸ਼ਟ ਤੌਰ 'ਤੇ ਇਹ ਐਲਾਨ ਕੀਤਾ ਹੈ....

- **ਯੂਜ਼ਰਸ ਦੇ ਲਈ ਮੁਫ਼ਤ :** ਭੁਗਤਾਨ ਕਰਨ ਵਾਲੇ ਖਪਤਕਾਰਾਂ ਨੂੰ ਲੈਣ-ਦੇਣ 'ਤੇ ਚਾਰਜ ਨਹੀਂ ਦੇਣਾ ਹੋਵੇਗਾ।
- **ਪੀ2ਪੀ ਲੈਣ-ਦੇਣ ਮੁਫ਼ਤ :** ਸਾਰੇ ਪਰਸਨ-ਟੂ- ਪਰਸਨ ਲੈਣ-ਦੇਣ ਮੁਫ਼ਤ ਰਹਿਣਗੇ।
- **ਵਪਾਰੀਆਂ ਦੇ ਲਈ ਮਾਮੂਲੀ ਐੱਮਡੀਆਰ :** ਐੱਮਡੀਆਰ ਚਾਰਜ ਲਾਗੂ ਹੋਣ 'ਤੇ, ਇਹ ਸਿਰਫ ਸੀਮਤ ਸੰਖਿਆ ਵਿੱਚ ਵਪਾਰੀ ਲੈਣ ਦੇਣ 'ਤੇ, ਇੱਕ ਨਿਸ਼ਚਿਤ ਸੀਮਾ ਤੋਂ ਵੱਧ, ਮਾਮੂਲੀ ਦਰ 'ਤੇ ਲਾਗੂ ਹੋਵੇਗਾ, ਜੋ ਡੈਬਿਟ ਜਾਂ ਕ੍ਰੈਡਿਟ ਕਾਰਡ ਐੱਮਡੀਆਰ ਤੋਂ ਬਹੁਤ ਘੱਟ ਹੋਵੇਗਾ।
- ਜ਼ਿਆਦਾਤਰ ਲੈਣ-ਦੇਣ ਯੂਪੀਆਈ 'ਤੇ ਵਪਾਰੀਆਂ ਦੇ ਲਈ ਮੁਫ਼ਤ ਰਹਿਣਗੇ। ਛੋਟੇ ਦੁਕਾਨਦਾਰਾਂ ਅਤੇ ਕਰਿਆਨਾ ਦੁਕਾਨਾਂ ਨੂੰ ਯੂਪੀਆਈ ਭੁਗਤਾਨ ਸਵੀਕਾਰ ਕਰਨ 'ਤੇ ਐੱਮਡੀਆਰ ਨਹੀਂ ਦੇਣਾ ਪੈਂਦਾ ਹੈ।
- ਸੰਸਦ ਵੱਲੋਂ ਟੈਕਸੇਸ਼ਨ ਅਤੇ ਹੋਰ ਕਾਨੂੰਨ (ਸੋਧ) ਬਿਲ 2026 ਪਾਸ ਹੋਣ ਤੋਂ ਬਾਅਦ, ਜਿਸ ਵਿੱਚ ਭੁਗਤਾਨ ਅਤੇ ਨਿਪਟਾਨ ਪ੍ਰਣਾਲੀ ਐਕਟ, 2007 ਦੀ ਧਾਰਾ 10ਏ ਵਿੱਚ ਸੋਧ ਦਾ ਪ੍ਰਸਤਾਵ ਹੈ, ਐੱਨਪੀਸੀਆਈ ਦੀ ਪ੍ਰਧਾਨਗੀ ਵਾਲੀ 'ਯੂਪੀਆਈ ਅਤੇ ਸੇਵਾ ਸੰਚਾਲਨ ਕਮੇਟੀ' ਐੱਮਡੀਆਰ (ਜੇਕਰ ਲਾਗੂ ਹੋਵੇ) 'ਤੇ ਫ਼ੈਸਲਾ ਲਵੇਗੀ।

# ਵਿਕਸਿਤ ਭਾਰਤ ਦੇ ਲਈ ਜ਼ਰੂਰੀ ਸਰੀਰਕ ਅਤੇ ਮਾਨਸਿਕ ਸਿਹਤ

*ਵਿਕਸਿਤ ਭਾਰਤ ਦੇ ਟੀਚੇ ਨੂੰ ਪ੍ਰਾਪਤ ਕਰਨ ਦੇ ਲਈ ਸਰੀਰਕ ਪੱਖੋਂ ਸਿਹਤਮੰਦ, ਮਾਨਸਿਕ ਪੱਖੋਂ ਸਸ਼ਕਤ ਅਤੇ ਆਤਮ ਵਿਸ਼ਵਾਸ ਨਾਲ ਭਰਪੂਰ ਯੁਵਾ ਪੀੜ੍ਹੀ ਦਾ ਹੋਣਾ ਲਾਜ਼ਮੀ ਹੈ। ਇਸੇ ਦ੍ਰਿਸ਼ਟੀਕੋਣ ਨਾਲ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੋ ਅਗਸਤ ਨੂੰ 'ਨਸ਼ਾ ਮੁਕਤ ਯੁਵਾ ਵਿਕਸਿਤ ਭਾਰਤ ਸੰਕਲਪ ਅਭਿਆਨ ਦੀ ਕੀਤੀ ਸ਼ੁਰੂਆਤ...*

*"ਜੇਕਰ ਕੋਈ ਯੁਵਾ ਗਲਤੀ ਨਾਲ ਨਸ਼ੇ ਵਿੱਚ ਫਸ ਵੀ ਗਿਆ ਹੈ ਤਾਂ ਇਸ ਦਾ ਇਹ ਮਤਲਬ ਬਿਲਕੁਲ ਨਹੀਂ ਹੈ ਕਿ ਉਸ ਦੇ ਸਾਰੇ ਰਸਤੇ ਬੰਦ ਹੋ ਗਏ ਹਨ! ਘਰ ਦਾ ਕੋਈ ਬੱਚਾ ਜੇਕਰ ਨਸ਼ੇ ਦਾ ਸ਼ਿਕਾਰ ਬਣ ਗਿਆ ਹੈ ਤਾਂ ਇਸ ਨੂੰ ਸਮਾਜਿਕ ਪ੍ਰਤਿਸ਼ਠਾ ਦੀ ਆੜ ਵਿੱਚ ਲੁਕਾਓ ਨਾ। ਜਿਸ ਦੀ ਜ਼ਰੂਰਤ ਹੋਵੇ, ਉਸ ਦੀ ਮਦਦ ਲਓ। ਮੈਡੀਕਲ ਹੈਲਪ ਨਾਲ ਆਪਣੇ ਬੱਚੇ ਨੂੰ ਨਸ਼ੇ ਤੋਂ ਮੁਕਤ ਕਰਵਾਉਣ ਦੀ ਕੋਸ਼ਿਸ਼ ਕਰੋ। ਸਾਨੂੰ ਪਰਿਵਾਰ ਵਿੱਚ ਬੱਚਿਆਂ ਨਾਲ ਖੁੱਲ੍ਹ ਕੇ ਗੱਲਬਾਤ ਦਾ ਸੱਭਿਆਚਾਰ ਵੀ ਬਣਾਉਣਾ ਚਾਹੀਦਾ ਹੈ... ਤਾਂ ਜੋ, ਅਜਿਹੇ ਭੰਵਰ ਵਿੱਚ ਫਸਣ ਤੋਂ ਪਹਿਲਾਂ ਹੀ ਤੁਸੀਂ ਉਸ ਦਾ ਹੱਥ ਫੜ ਸਕੋ।*

**– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

ਨਸ਼ਾ ਮੁਕਤ ਭਾਰਤ ਸੰਕਲਪ ਅਭਿਆਨ, ਸਿਰਫ ਨਿਜੀ ਸਿਹਤ ਤੱਕ ਸੀਮਤ ਨਹੀਂ ਹੈ, ਸਗੋਂ ਪਰਿਵਾਰ, ਸਮਾਜ ਅਤੇ ਪੂਰੇ ਰਾਸ਼ਟਰ ਦੇ ਵਿਆਪਕ ਹਿਤਾਂ ਦੀ ਪੂਰਤੀ ਕਰਦਾ ਹੈ। ਇਹੀ ਕਾਰਨ ਹੈ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਸ ਅਭਿਆਨ ਨੂੰ ਇੱਕ ਮਹੱਤਵਪੂਰਨ ਸੰਕਲਪ ਦੱਸਿਆ ਅਤੇ ਰਾਸ਼ਟਰਵਿਆਪੀ ਅਭਿਆਨ ਵਿੱਚ 28 ਹਜ਼ਾਰ ਤੋਂ ਵੱਧ ਸਥਾਨਾਂ ਨਾਲ ਜੁੜੇ ਇੱਕ ਕਰੋੜ ਤੋਂ ਵੱਧ ਨੌਜਵਾਨਾਂ ਨੂੰ ਸੰਬੋਧਨ ਕੀਤਾ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅੱਜ ਜਦੋਂ ਰਾਸ਼ਟਰ ਨੇ ਵਿਕਸਿਤ ਭਾਰਤ ਦਾ ਟੀਚਾ ਨਿਰਧਾਰਿਤ ਕੀਤਾ ਹੈ, ਤਾਂ ਇਹ ਜ਼ਰੂਰੀ ਹੈ ਕਿ ਦੇਸ਼ ਦੇ ਯੁਵਾ ਸਰੀਰਕ ਅਤੇ ਮਾਨਸਿਕ ਪੱਖੋਂ ਸਿਹਤਮੰਦ ਰਹਿਣ।

ਯੁਵਾ ਆਤਮ ਵਿਸ਼ਵਾਸ ਨਾਲ ਭਰਪੂਰ ਹੋਣ ਅਤੇ ਨਸ਼ੀਲੇ ਪਦਾਰਥਾਂ ਵਰਗੀਆਂ ਵਿਨਾਸ਼ਕਾਰੀ ਆਦਤਾਂ ਤੋਂ ਹਮੇਸ਼ਾ ਦੂਰ ਰਹਿਣ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਕਾਸ਼ੀ ਐਲਾਨ ਦੇ ਤਹਿਤ 125 ਤੋਂ ਵੱਧ ਅਧਿਆਤਮਿਕ ਸੰਗਠਨਾਂ ਅਤੇ ਕਈ ਗੈਰ ਸਰਕਾਰੀ ਸੰਗਠਨਾਂ ਦੇ ਸਮਰਥਨ ਨਾਲ, ਕਲਿਆਣਕਾਰੀ ਇਹ ਵਿਚਾਰ ਹੁਣ ਸਫਲਤਾਪੂਰਵਕ ਇੱਕ ਰਾਸ਼ਟਰੀ ਪ੍ਰੋਜੈਕਟ ਬਣ ਗਿਆ ਹੈ।" ਅਭਿਆਨ ਦੇ ਮਹੱਤਵਾਕਾਂਖੀ 100 ਹਫਤਿਆਂ ਦੇ ਰੋਡਮੈਪ ਦੀ ਰੂਪਰੇਖਾ ਪੇਸ਼ ਕਰਦੇ ਹੋਏ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ, "ਆਉਣ ਵਾਲੇ 100 ਐਤਵਾਰ ਪੂਰੀ ਤਰ੍ਹਾਂ ਨਾਲ ਨਸ਼ਾ ਮੁਕਤ ਭਾਰਤ ਦੀ ਦਿਸ਼ਾ ਵਿੱਚ 100 ਮਜ਼ਬੂਤ ਕਦਮ ਸਾਬਤ ਹੋਣਗੇ। ਦੇਸ਼ ਦੇ ਭਵਿੱਖ ਅਤੇ ਜੀਵਨ ਦੇ ਲਈ, ਐਡੀਕਸ਼ਨ ਮੁਕਤ ਰਹਿਣਾ ਜ਼ਰੂਰੀ ਹੈ।"

## ਪ੍ਰਧਾਨ ਮੰਤਰੀ ਮੋਦੀ ਦੀਆਂ ਮਹੱਤਵਪੂਰਨ ਗੱਲਾਂ...

- ਨਸ਼ੀਲੇ ਪਦਾਰਥਾਂ ਤੋਂ ਮਿਲਣ ਵਾਲਾ ਪਲ ਭਰ ਦਾ ਆਨੰਦ ਅੰਤ ਵਿੱਚ ਕਰੀਅਰ ਅਤੇ ਪਰਿਵਾਰਕ ਜੀਵਨ ਦੇ ਪਤਨ ਦਾ ਕਾਰਨ।
- ਕਿਸੇ ਵੀ ਸਥਿਤੀ ਵਿੱਚ ਨਸ਼ੀਲੇ ਪਦਾਰਥਾਂ ਨੂੰ ਸਮਾਜਿਕ ਮਨਜ਼ੂਰੀ ਨਹੀਂ ਮਿਲਣੀ ਚਾਹੀਦੀ।
- ਐਡੀਕਸ਼ਨ 'ਤੇ ਕਾਬੂ ਪਾਉਣ ਵਿੱਚ ਸਮਾਜਿਕ ਸਹਿਯੋਗ, ਯੋਗ, ਧਿਆਨ ਅਤੇ ਆਧੁਨਿਕ ਪੁਨਰਵਾਸ ਕੇਂਦਰ ਮਹੱਤਵਪੂਰਨ।
- ਸੰਵੇਦਨਸ਼ੀਲ ਬੱਚਿਆਂ ਨੂੰ ਇਸ ਜਾਲ ਵਿੱਚ ਫਸਣ ਤੋਂ ਬਚਾਉਣ ਦੇ ਲਈ ਖੁੱਲ੍ਹੇ ਘਰੇਲੂ ਸੰਵਾਦ ਦੇ ਸੱਭਿਆਚਾਰ ਨੂੰ ਹੁਲਾਰਾ ਦਿਓ।
- ਸਿੱਖਿਆ ਸ਼ਾਸਤਰੀ ਨਸ਼ੀਲੇ ਪਦਾਰਥਾਂ ਦੇ ਖਤਰਿਆਂ ਬਾਰੇ ਚਰਚਾ ਨੂੰ ਨਿਯਮਿਤ ਕੋਰਸ ਵਿੱਚ ਸ਼ਾਮਲ ਕਰਨ।
- ਨਸ਼ੇ ਦੀ ਲਤ ਨਾਲ ਲੜ ਕੇ ਬਾਹਰ ਆਉਣ ਵਾਲੇ ਯੁਵਾ ਕਮਜ਼ੋਰ ਨਹੀਂ ਹਨ, ਉਹ ਅਸਲੀ ਯੋਧਾ ਹਨ।

ਕੌਮਨ ਵੈਲਥ ਗੇਮਸ ਮੈਡਲ ਜੇਤੂਆਂ ਨਾਲ ਪ੍ਰਧਾਨ ਮੰਤਰੀ ਮੋਦੀ ਦਾ ਸੰਵਾਦ

# ਭਵਿੱਖ ਦੀ ਪੀੜ੍ਹੀ ਨੂੰ ਪ੍ਰੇਰਣਾ ਦਾ ਮੰਤਰ...ਜਿੱਤ

*ਸਕੌਟਲੈਂਡ ਦੇ ਗਲਾਸਗੋ ਵਿਖੇ ਹੋਈਆਂ ਕੌਮਨ ਵੈਲਥ ਗੇਮਸ 2026 ਵਿੱਚ ਭਾਰਤ ਨੇ ਸ਼ਾਨਦਾਰ ਖੇਡਾਂ ਦਾ ਪ੍ਰਦਰਸ਼ਨ ਕਰਦੇ ਹੋਏ 13 ਗੋਲਡ, 17 ਸਿਲਵਰ ਅਤੇ 9 ਬਰੌਂਜ਼ ਮੈਡਲਾਂ ਦੇ ਨਾਲ 39 ਮੈਡਲ ਜਿੱਤੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 10 ਅਗਸਤ ਨੂੰ ਕੌਮਨ ਵੈਲਥ ਗੇਮਸ ਦੇ ਚੈਂਪੀਅਨਾਂ ਨਾਲ ਗੱਲਬਾਤ ਕਰਕੇ ਦੇਸ਼ ਨੂੰ ਮਾਣ ਮਹਿਸੂਸ ਕਰਵਾਉਣ ਲਈ ਉਨ੍ਹਾਂ ਨੂੰ ਵਧਾਈ ਦਿੱਤੀ। ਇਸ ਦੌਰਾਨ ਪ੍ਰਧਾਨ ਮੰਤਰੀ ਮੋਦੀ ਨੇ ਭਾਰਤੀ ਖੇਡਾਂ ਵਿੱਚ ਆਈ ਤਬਦੀਲੀ, ਖਿਡਾਰੀਆਂ ਦੀਆਂ ਪ੍ਰਾਪਤੀਆਂ, ਜ਼ਮੀਨੀ ਪੱਧਰ 'ਤੇ ਖੇਡ ਪ੍ਰਤਿਭਾਵਾਂ ਨੂੰ ਤਿਆਰ ਕਰਨ ਅਤੇ ਦੇਸ਼ ਵਿੱਚ ਵਿਆਪਕ ਖੇਡ ਸੱਭਿਆਚਾਰ ਵਿਕਸਿਤ ਕਰਨ 'ਤੇ ਵੀ ਕੀਤੀ ਵਿਸਤ੍ਰਿਤ ਚਰਚਾ...*



## ਖਿਡਾਰੀਆਂ ਦਾ ਸੁਆਗਤ ਨਿਯਮਿਤ ਪਰੰਪਰਾ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 12 ਵਰ੍ਹਿਆਂ ਦੇ ਕਾਰਜਕਾਲ ਦੇ ਦੌਰਾਨ ਉਨ੍ਹਾਂ ਦੇ ਸਰਕਾਰੀ ਆਵਾਸ 'ਤੇ ਰਾਸ਼ਟਰੀ ਖਿਡਾਰੀਆਂ ਦਾ ਸੁਆਗਤ ਕਰਨਾ ਇੱਕ ਨਿਯਮਿਤ ਅਤੇ ਪੋਸ਼ਿਤ ਪਰੰਪਰਾ ਰਹੀ ਹੈ। ਖਿਡਾਰੀਆਂ ਦੇ ਨਾਲ ਗੱਲਬਾਤ ਵਿੱਚ ਉਨ੍ਹਾਂ ਨੇ ਕਿਹਾ ਕਿ ਦੇਸ਼ ਦੇ ਲਈ ਨਿਰੰਤਰ ਜਿੱਤ ਹਾਸਲ ਕਰਨ ਵਿੱਚ ਭਾਰਤੀ ਐਥਲੀਟਾਂ ਦੇ ਸਮਰਪਿਤ ਯਤਨ ਅਤੇ ਨਿਰੰਤਰ ਸਫਲਤਾਵਾਂ ਸਕੂਲੀ ਵਿਦਿਆਰਥੀਆਂ ਨੂੰ ਕਿਤੇ ਵਧੇਰੇ ਪ੍ਰਭਾਵਸ਼ਾਲੀ ਢੰਗ ਨਾਲ ਪ੍ਰੇਰਿਤ ਕਰਦੀਆਂ ਹਨ।

## ਦੇਸ਼ ਦੇ ਬਹਾਦਰ ਸਪੂਤਾਂ ਨੂੰ ਸ਼ਰਧਾਂਜਲੀ

ਕਾਰਗਿਲ ਵਿਜੈ ਦਿਵਸ 'ਤੇ ਪਾਕਿਸਤਾਨੀ ਵਿਰੋਧੀਆਂ ਨੂੰ 5-0 ਨਾਲ ਹਰਾਉਣ ਵਾਲੇ ਭਾਰਤੀ ਸੈਨਾ ਦੇ ਐਥਲੀਟ ਦੀ ਦੇਸ਼ ਭਗਤੀ ਦੀ ਪ੍ਰਧਾਨ ਮੰਤਰੀ ਮੋਦੀ ਨੇ ਸ਼ਲਾਘਾ ਕੀਤੀ। ਐਥਲੀਟ ਨੇ ਆਪਣੀ ਜਿੱਤ ਭਾਰਤੀ ਸੈਨਾ ਦੇ ਨਾਇਕਾਂ ਨੂੰ ਸਮਰਪਿਤ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦਾ ਬੇਜੋੜ ਰਾਸ਼ਟਰੀ ਮਾਣ ਐਥਲੈਟਿਕ ਜਿੱਤ ਵਿੱਚ ਅਸਧਾਰਣ ਚਮਕ ਜੋੜਦਾ ਹੈ। ਉਨ੍ਹਾਂ ਨੇ ਇੱਕ ਐਥਲੀਟ ਦੇ ਨਾਲ ਆਪਣੇ ਸੈਨਾ ਦੇ ਕੋਚ ਨਰੇਂਦਰ ਰਾਣਾ ਅਤੇ ਸਾਂਝਾ ਨਾਮ 'ਨਰੇਂਦਰ' ਦੇ



## ਜਦੋਂ ਮੀਰਾਬਾਈ ਚਾਨੂ ਦੀਆਂ ਅੱਖਾਂ ਵਿੱਚੋਂ ਹੰਝੂ ਛਲਕ ਪਏ

ਪੋਡੀਅਮ 'ਤੇ ਖੜ੍ਹੇ ਹੋ ਕੇ ਰਾਸ਼ਟਰ ਗਾਨ ਦੀ ਧੁਨ ਸੁਣਨਾ ਅਤੇ ਫਿਰ ਅੱਖਾਂ ਤੋਂ ਖੁਸ਼ੀ ਦੇ ਹੰਝੂ ਛਲਕਣਾ। ਆਪਣੀ ਵਰ੍ਹਿਆਂ ਦੀ ਮਿਹਨਤ, ਦਰਦ, ਸੱਟ ਅਤੇ ਤਿਆਗ ਨੂੰ ਗੋਲਡ ਮੈਡਲ ਜੇਤੂ ਮੀਰਾਬਾਈ ਚਾਨੂ ਨੇ ਕੌਮਨ ਵੈਲਥ ਗੇਮਸ ਵਿੱਚ ਭਾਵੁਕ ਕਰ ਦੇਣ ਵਾਲੇ ਉਸ ਪਲ ਦੀ ਕਹਾਣੀ ਸਾਂਝੀ ਕੀਤੀ, ਜਦੋਂ ਉਨ੍ਹਾਂ ਦੀਆਂ ਅੱਖਾਂ ਵਿੱਚੋਂ ਹੰਝੂ ਰੁਕ ਨਹੀਂ ਸਕੇ। ਪ੍ਰਧਾਨ ਮੰਤਰੀ ਮੋਦੀ ਨੇ ਉਨ੍ਹਾਂ ਨੂੰ ਕਿਹਾ ਕਿ ਬਹੁਤ ਸ਼ਾਨ ਵਧਾਈ ਤੁਸੀਂ। ਇੰਨੇ ਹੰਝੂ ਟਪਕ ਰਹੇ ਸਨ ਮੈਨੂੰ ਲੱਗਦਾ ਹੈ ਕਿ ਹੰਝੂ ਦੀ ਹਰ ਬੂੰਦ ਤੋਂ ਜਿਵੇਂ ਗੋਲਡ ਮੈਡਲ ਟਪਕ ਰਿਹਾ ਹੈ।

ਬਾਰੇ ਇੱਕ ਹਾਸੋ ਹੀਣਾ ਕਿੱਸਾ ਸੁਣਾਉਂਦੇ ਹੋਏ ਹਲਕੇ-ਫੁਲਕੇ ਪਲ ਵੀ ਸਾਂਝੇ ਕੀਤੇ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਤੁਸੀਂ ਸਿਰਫ਼ ਮੈਡਲਾਂ ਦੀ ਗਿਣਤੀ ਨਹੀਂ ਵਧਾਈ ਹੈ, ਤੁਸੀਂ ਇੱਕ ਪੀੜ੍ਹੀ ਤਿਆਰ ਕੀਤੀ ਹੈ।"

### ਜੋ ਖੇਡੇਗਾ ਉਹ ਖਿੜੇਗਾ

ਖਿਡਾਰੀਆਂ ਨਾਲ ਗੱਲਬਾਤ ਵਿੱਚ ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਪੋਰਟਸ ਵਿਵਸਥਾ ਇੱਕ ਗੱਲ ਹੈ, ਪਰ ਦੇਸ਼ ਦਾ ਖਿਡਾਰੀ ਮੈਡਲ ਉਦੋਂ ਪ੍ਰਾਪਤ ਕਰਦਾ ਹੈ ਜਦੋਂ ਦੇਸ਼ ਵਿੱਚ ਸਪੋਰਟਸ ਕਲਚਰ ਬਣਦਾ ਹੈ। ਦੋਸਤੋਂ ਤੁਸੀਂ ਬਹੁਤ ਵੱਡਾ ਕੰਮ ਕੀਤਾ ਹੈ। ਦੇਸ਼ ਦਾ ਨਾਮ ਰੌਸ਼ਨ ਕੀਤਾ ਹੈ। ਤੁਹਾਨੂੰ ਮੈਂ ਬਹੁਤ ਵਧਾਈ ਦਿੰਦਾ ਹਾਂ। ਤੁਸੀਂ ਵਿਸ਼ਵਾਸ ਕਰੋ ਅੱਗੇ ਵੀ ਤੁਸੀਂ ਜੇਤੂ ਰਹੋਗੇ ਅਤੇ ਫਿਰ ਤੋਂ ਇੱਕ ਵਾਰ ਅਸੀਂ ਇੱਥੇ ਹੀ ਮਿਲਾਂਗੇ।

### ਕੀ ਤੂੰ ਮੋਦੀ ਨਾਲ ਮਿਲੀ ਹੈ

ਇੱਕ ਖਿਡਾਰੀ ਨੇ ਗੱਲਬਾਤ ਵਿੱਚ ਦੱਸਿਆ ਕਿ ਫ੍ਰੈਂਡ ਸਰਕਲ ਵਿੱਚ ਜਦੋਂ ਚਰਚਾ ਹੁੰਦੀ ਸੀ ਅਤੇ ਮੈਂ ਕਹਿੰਦੀ ਸੀ ਕਿ ਇਹ ਤੁਹਾਡੇ ਚੰਗੇ ਦੇ ਲਈ ਹੈ। ਤਾਂ ਸਾਡੇ ਦੋਸਤ ਕਹਿੰਦੇ ਸਨ ਕਿ ਕੀ ਤੂੰ ਮੋਦੀ ਨੂੰ ਮਿਲੀ ਹੈ ਕਿ ਤੇਰੀ ਗੱਲ ਮੰਨੀਏ। ਖਿਡਾਰੀ ਨੇ ਦੱਸਿਆ ਅੱਜ ਮੈਂ ਤੁਹਾਨੂੰ ਮਿਲੀ ਹਾਂ ਸਰ। ਹੁਣ ਮੈਂ ਉਨ੍ਹਾਂ ਨੂੰ ਦੱਸ ਸਕਾਂਗੀ ਕਿ ਹਾਂ ਮੈਂ ਮੋਦੀ ਜੀ ਨੂੰ ਮਿਲੀ ਹਾਂ।







> 7 ਲੋਕ ਕਲਿਆਣ ਮਾਰਗ 'ਤੇ ਕੌਮਨ ਵੈਲਥ ਗੇਮਸ 2026 ਦੇ ਸਾਡੇ ਸ਼ਾਨਦਾਰ ਮੈਡਲ ਜੇਤੂਆਂ ਦੀ ਮੇਜ਼ਬਾਨੀ ਕਰਕੇ ਬਹੁਤ ਖੁਸ਼ੀ ਹੋਈ। ਖੇਡ ਦੇ ਦੌਰਾਨ ਉਨ੍ਹਾਂ ਦੇ ਅਨੁਭਵਾਂ ਬਾਰੇ ਸੁਣਿਆ। ਉਨ੍ਹਾਂ ਸਾਰਿਆਂ ਨੇ ਆਪਣੇ ਬਿਹਤਰੀਨ ਪ੍ਰਦਰਸ਼ਨ ਨਾਲ ਦੇਸ਼ ਦਾ ਮਾਣ ਵਧਾਇਆ ਹੈ। ਉਨ੍ਹਾਂ ਦੀ ਸਫਲਤਾ ਕਈ ਨੌਜਵਾਨਾਂ ਨੂੰ ਪ੍ਰੇਰਿਤ ਕਰੇਗੀ।
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਪ੍ਰਧਾਨ ਮੰਤਰੀ ਮੋਦੀ ਦੁਆਰਾ ਭਾਰਤ ਦੇ CWG ਚੈਂਪੀਅਨਜ਼ ਨਾਲ ਗੱਲਬਾਤ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਮੈਡਲ ਸੂਚੀ


ਗੋਲਡ 13



ਸਿਲਵਰ 17


ਬਰੌਂਜ਼ 9

ਕੁੱਲ 39

# ਭਾਰਤੀ ਲੋਕਤੰਤਰ ਅਤੇ ਸਮਾਜ ਦੇ ਲਈ ਵਿਰਾਸਤ

## ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਸਵੈ-ਜੀਵਨੀ



ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

*ਜਦੋਂ ਹਿਰਦੇ ਉਦਾਰ ਹੋਵੇ, ਭਾਰਤੀ ਸੰਸਕਾਰ ਹੋਣ, ਤਾਂ ਵਿਅਕਤੀ ਸਮਾਜ ਦੀਆਂ ਕਮੀਆਂ ਕੱਢਣ ਵਿੱਚ ਸਮਾਂ ਨਹੀਂ ਗੁਆਉਂਦਾ, ਉਹ ਉਸ ਦੇ ਸਕਾਰਾਤਮਕ ਪੱਖ 'ਤੇ ਫੋਕਸ ਕਰਦਾ ਹੈ, ਉਹ ਆਪਣੀ ਸਫਲਤਾ ਵਿੱਚ ਸਮਾਜ ਨੂੰ ਬਰਾਬਰ ਦਾ ਭਾਈਵਾਲ ਮੰਨਦਾ ਹੈ। ਅਜਿਹੇ ਹੀ ਹਨ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ। ਤਾਂ ਹੀ ਸਾਬਕਾ ਰਾਸ਼ਟਰਪਤੀ ਦੀ ਸਵੈ-ਜੀਵਨੀ ਦੇ ਉਦਘਾਟਨ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਉਨ੍ਹਾਂ ਦੀ ਸਵੈ-ਜੀਵਨੀ ਭਾਰਤੀ ਲੋਕਤੰਤਰ ਅਤੇ ਸਮਾਜ ਦੇ ਲਈ ਹੈ ਵਿਰਾਸਤ...*

ਗਰਮੀ ਦੇ ਮੌਸਮ ਵਿੱਚ ਸਾਬਕਾ ਰਾਸ਼ਟਰਪਤੀ ਦੇ ਘਰ ਵਿੱਚ ਇੱਕ ਦਿਨ ਅੱਗ ਲੱਗ ਗਈ। ਉਨ੍ਹਾਂ ਦੀ ਮਾਂ ਆਪਣੀ ਚਿੰਤਾ ਛੱਡ ਕੇ ਘਰ ਦੀਆਂ ਚੀਜ਼ਾਂ ਨੂੰ ਬਚਾ ਰਹੇ ਸਨ। ਉਸੇ ਕੋਸ਼ਿਸ਼ ਵਿੱਚ, ਅੱਗ ਵਿੱਚ ਫਸ ਕੇ ਉਨ੍ਹਾਂ ਦਾ ਦੇਹਾਂਤ ਹੋ ਗਿਆ। ਛੋਟੀ ਜਿਹੀ ਉਮਰ ਵਿੱਚ ਮਾਂ ਨੂੰ ਇਸ ਤਰ੍ਹਾਂ ਗੁਆ ਦੇਣਾ, ਕਿੰਨਾ ਦਰਦਨਾਕ ਰਿਹਾ ਹੋਵੇਗਾ। ਇਸ ਘਟਨਾ ਨਾਲ ਕੋਈ ਵੀ ਟੁੱਟ ਸਕਦਾ ਸੀ, ਪਰ ਇਨ੍ਹਾਂ ਹਾਲਤਾਂ ਨੇ ਸਾਬਕਾ ਰਾਸ਼ਟਰਪਤੀ ਨੂੰ ਹੋਰ ਮਜ਼ਬੂਤ ਕੀਤਾ। ਗੁਆਂਢ ਦੀ ਇੱਕ ਮਾਤਾ ਨੇ ਉਨ੍ਹਾਂ ਦਾ ਪਾਲਣ-ਪੋਸ਼ਣ ਕਰਨ ਵਿੱਚ ਮਦਦ ਕੀਤੀ। ਇਸ ਘਟਨਾ ਨਾਲ ਉਨ੍ਹਾਂ ਨੇ ਸਮਾਜ ਦੀ ਏਕਤਾ ਅਤੇ ਸੁਹਿਰਦ ਦੀ ਤਾਕਤ ਨੂੰ ਸਮਝਿਆ। ਪੁਸਤਕ ਦੇ ਲਾਂਚ ਦੇ ਮੌਕੇ 'ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਨਾਲ ਜੁੜੀ ਇਹ ਕਹਾਣੀ ਸੁਣਾਈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਜੀਵਨ ਯਾਤਰਾ ਨੂੰ ਤੁਸੀਂ ਉਨ੍ਹਾਂ ਦੇ ਸ਼ਬਦਾਂ ਵਿੱਚ ਜਾਣੋ, ਉਨ੍ਹਾਂ ਦੀ ਲੇਖਣੀ ਨੂੰ, ਉਨ੍ਹਾਂ ਦੇ ਅਨੁਭਵਾਂ ਨੂੰ ਦੇਸ਼ ਦੀ ਨਵੀਂ ਪੀੜ੍ਹੀ ਪੜ੍ਹੇ, ਇਸ ਨਾਲ ਹਰ ਕਿਸੇ ਨੂੰ ਕਾਫੀ ਕੁਝ ਸਿੱਖਣ ਨੂੰ ਮਿਲੇਗਾ।

ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ ਪੁਸਤਕ ਨੂੰ ਬਹੁਤ ਹੀ ਸਟੀਕ ਨਾਮ ਦਿੱਤਾ ਗਿਆ ਹੈ - "Triumph of the Indian Republic: My Life, My Struggles" ਕਹਿਣ ਦਾ ਭਾਵ ਇਹ ਹੈ ਕਿ ਜੀਵਨ ਅਤੇ ਜੀਵਨ ਦੇ ਸੰਘਰਸ਼ ਉਨ੍ਹਾਂ ਦੇ ਨਿਜੀ ਹਨ, ਪਰ ਉਨ੍ਹਾਂ ਸੰਘਰਸ਼ਾਂ ਦੇ ਨਤੀਜੇ ਵਜੋਂ ਮਿਲੀ ਜਿੱਤ, ਭਾਰਤ ਦੇ ਗਣਤੰਤਰ ਦੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, "ਕੋਵਿੰਦ ਜੀ ਨਾਲ ਮੇਰਾ ਬਹੁਤ ਲੰਬਾ ਪਰੀਚੈ ਰਿਹਾ ਹੈ, ਉਨ੍ਹਾਂ ਨੂੰ ਨੇੜਿਓਂ ਜਾਣਨ ਦਾ ਵੀ ਮੌਕਾ ਮਿਲਿਆ। ਰਾਸ਼ਟਰਪਤੀ ਦੇ ਰੂਪ ਵਿੱਚ ਉਨ੍ਹਾਂ ਦਾ ਮਾਰਗਦਰਸ਼ਨ ਅਤੇ ਇਸ ਸਭ ਦੇ ਨਾਲ-ਨਾਲ ਉਨ੍ਹਾਂ ਦਾ ਮੇਰੇ ਪ੍ਰਤੀ ਵਿਸ਼ੇਸ਼ ਪਿਆਰ, ਉਨ੍ਹਾਂ ਦਾ ਆਪਣਾਪਣ, ਇਹ ਮੇਰੀ ਬਹੁਤ ਵੱਡੀ ਪੂੰਜੀ ਰਹੀ ਹੈ। ਮੈਂ ਉਨ੍ਹਾਂ ਦੇ ਜੀਵਨ ਨੂੰ ਜਿੰਨਾ ਸਮਝਿਆ ਹੈ, ਉਨ੍ਹਾਂ ਦੀ ਕਾਰਜ ਸਮਰੱਥਾਵਾਂ ਨੂੰ ਜਿੰਨਾ ਜਾਣਿਆ ਹੈ, ਮੈਂ ਪੂਰੇ ਵਿਸ਼ਵਾਸ ਨਾਲ ਕਹਿ ਸਕਦਾ ਹਾਂ ਕਿ ਰਾਮਨਾਥ ਕੋਵਿੰਦ ਜੀ ਦੀ ਆਟੋਬਾਇਓਗ੍ਰਾਫੀ ਆਪਣੇ ਆਪ ਵਿੱਚ ਭਾਰਤੀ ਲੋਕਤੰਤਰ ਅਤੇ ਭਾਰਤੀ ਸਮਾਜ ਦੇ ਲਈ ਇੱਕ ਵਿਰਾਸਤ ਬਣੇਗੀ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਯੁਵਾ ਪੀੜ੍ਹੀ ਨੂੰ ਅਪੀਲ ਕੀਤੀ ਕਿ ਰੀਲ ਦਾ ਜ਼ਮਾਨਾ ਹੈ, ਸੋਸ਼ਲ ਮੀਡੀਆ ਵਿੱਚ ਇਨਫਲੂਐਂਸਰ ਤੁਹਾਨੂੰ ਖਿੱਚ ਕੇ ਕਿਤੇ-ਕਿਤੇ ਲੈ ਜਾਂਦੇ ਹਨ। ਇਸ ਸ਼ੌਰਟਕੱਟ ਦੇ ਯੁੱਗ ਵਿੱਚ ਵੀ ਇੱਕ ਗੱਲ ਅਸੀਂ ਜ਼ਰੂਰ ਯਾਦ ਰੱਖੀਏ, ਰੇਲਵੇ ਸਟੇਸ਼ਨ 'ਤੇ ਕੁਝ ਲੋਕਾਂ ਨੂੰ ਪਟੜੀ 'ਤੇ ਕੁੱਦ ਕੇ ਜਾਣ ਦੀ ਆਦਤ ਹੁੰਦੀ ਹੈ, ਬ੍ਰਿਜ 'ਤੇ ਨਹੀਂ ਜਾਂਦੇ। ਉੱਥੇ ਲਿਖਿਆ ਹੁੰਦਾ ਹੈ, ਸ਼ੌਰਟਕੱਟ ਵਿੱਲ ਕੱਟ ਯੂ ਸ਼ੌਰਟ। ਜੇਕਰ ਸ਼ੌਰਟਕੱਟ ਦੇ ਰਸਤੇ ਤੋਂ ਵੀ ਕਿਤੇ ਬਾਹਰ ਨਿਕਲਣਾ ਹੈ, ਤਾਂ ਮੈਂ ਨੌਜਵਾਨਾਂ ਨੂੰ ਕਹਾਂਗਾ ਕਿ ਤੁਹਾਨੂੰ ਜਿਸ ਦੀ ਵੀ ਪਸੰਦ ਹੋਵੇ ਆਟੋਬਾਇਓਗ੍ਰਾਫੀ ਜ਼ਰੂਰ ਪੜ੍ਹਨਾ। ਆਟੋਬਾਇਓਗ੍ਰਾਫੀ ਉਸ ਕਾਲਖੰਡ ਦੀਆਂ ਇਤਿਹਾਸ ਦੀਆਂ ਘਟਨਾਵਾਂ ਨੂੰ ਵੱਖਰੇ ਤਰੀਕੇ ਨਾਲ ਸਮਝਣ ਦਾ ਮੌਕਾ ਦਿੰਦੀ ਹੈ। ■



PMO India
@PMOIndia

आज जब देश ने विकसित भारत का लक्ष्य तय किया है... तो इसके लिए आवश्यक है... देश का युवा, तन से स्वस्थ हो, मन स्वस्थ हो, आत्मविश्वास से भरपूर हो और ड्रग्स जैसी घातक आदत से हमेशा दूर हो: PM @narendramodi



Rajnath Singh
@rajnathsingh

भारत अब रक्षा उपकरणों का दुनिया के लिए निर्माता और निर्यातक बन रहा है। रक्षा उत्पादन और निर्यात में अभूतपूर्व वृद्धि, भारत की बढ़ती आत्मनिर्भरता, सामर्थ्य और वैश्विक पहचान का प्रमाण है।



Amit Shah
@AmitShah

सहकारिता के माध्यम से ग्रामीण अर्थव्यवस्था को मजबूत करने की दिशा में आज अलवर में ₹200 करोड़ की लागत से प्रतिदिन 3 लाख लीटर दूध के प्रसंस्करण की क्षमता से युक्त 'अलवर सरस डेयरी' के नवीन प्लांट का ई-शिलान्यास किया। साथ ही, ₹274 करोड़ की लागत से सरस डेयरी से सम्बंधित चार अन्य परियोजनाओं का ई-लोकार्पण भी किया।

आधुनिक तकनीक से युक्त इन संयंत्रों से उत्पादन प्रक्रिया अधिक वैज्ञानिक, पारदर्शी और कम ऊर्जा की खपत वाली बनेगी। इससे क्षेत्र के दुग्ध उत्पादकों को उनके दूध का बेहतर दाम मिलेगा, ग्रामीण क्षेत्रों में रोजगार के नए अवसर सृजित होंगे व प्रदेश में 'सहकार से समृद्धि' का संकल्प और मजबूत होगा।



Nitin Gadkari
@nitin_gadkari

📢 उत्तराखंड 🛣️

सीआरआईएफ के तहत उत्तराखंड में कुल 235.42 किलोमीटर लंबाई की 9 सड़कों के चौड़ीकरण और मज़बूती काम के लिए 297.37 करोड़ रुपए की लागत के साथ स्वीकृती दी गई है।

#PragatiKaHighway #GatiShakti



Shivraj Singh Chouhan
@ChouhanShivraj

आज लाल किले की प्राचीर से मैं देश के सामने शक्ति की सप्तधारा का आह्वान करता हूं।

1. Manufacturing Power
2. कृषि और Food Processing
3. Technology और Innovation
4. Gati Shakti
5. रक्षा शक्ति
6. Green और Blue Economy
7. भारत का Soft Power

- आदरणीय प्रधानमंत्री श्री @narendramodi जी



Arjun Ram Meghwal
@arjunrammeghwal

देश के नौजवानों के लिए बड़ी घोषणा!

- आने वाले एक वर्ष में 1 करोड़ युवाओं को AI स्किल्स की ट्रेनिंग

- युवाओं के उज्ज्वल भविष्य के लिए विभिन्न परीक्षाओं की नि:शुल्क ऑनलाइन कोचिंग

#IndiaIndependenceDay



## लाल किले की प्राचीर से मोदी ने युवाओं से नेतृत्व संभालने का आह्वान किया

## हथियारी नक्सली गए, दिमागी मौके की तलाश में: PM

## मोदी ने बताई 'सप्त धारा' जिनसे बनेगा विकसित भारत



### सप्त सिंधु... सात नदियों की धरती, भारत की है यह प्राचीन पहचान

## वड़े सुधारों की ओर भारत, पुराने नियमों से काम नहीं चलेगा : पीएम

- जल्द ही बड़े आर्थिक सुधारों के संकेत, कहा- बदलनी होंगी
- मोदी ने कहा- दुनिया की टाप कंपनियों से लेकर बैंक तक में भारत की हिस्सेदारी बढ़ाएं

### देश में चिप निर्माण से जुड़े तीन प्लांट शुरू किए गए

## बंटवारे का दंश...कई जिंदगियां तहस-नहस हो गईं : पीएम मोदी

## पेपर लीक रोकने से लेकर परीक्षाओं में व्यापक सुधार करने के लिए कदम उठा रही सरकार : राष्ट्रपति



# "ਸਾਰਨਾਥ ਦਾ ਪ੍ਰਾਚੀਨ ਬੌਧੀ ਸਥਾਨ"
# ਹੁਣ ਯੂਨੈਸਕੋ ਦੀ ਵਿਸ਼ਵ ਵਿਰਾਸਤ


*ਦੱਖਣੀ ਕੋਰੀਆ ਦੇ ਬੁਸਾਨ ਵਿਖੇ ਆਯੋਜਿਤ ਵਿਸ਼ਵ ਵਿਰਾਸਤ ਕਮੇਟੀ ਦੇ 48ਵੇਂ ਸੈਸ਼ਨ ਵਿੱਚ ਇੱਕ ਮਹੱਤਵਪੂਰਨ ਫ਼ੈਸਲੇ ਦੇ ਤਹਿਤ 2025-26 ਚੱਕਰ ਦੇ ਲਈ ਭਾਰਤ ਦੇ 'ਸਾਰਨਾਥ ਦੇ ਪ੍ਰਾਚੀਨ ਬੌਧੀ ਸਥਾਨ" ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤ ਸੂਚੀ ਵਿੱਚ ਸ਼ਾਮਲ ਕੀਤਾ ਗਿਆ। ਵਿਸ਼ਵ ਵਿਰਾਸਤੀ ਸੂਚੀ ਵਿੱਚ ਸ਼ਾਮਲ ਇਹ ਭਾਰਤ ਦੀ 45ਵੀਂ ਵਿਰਾਸਤ ਹੈ। ਇਹ ਆਲਮੀ ਸਨਮਾਨ ਭਾਰਤ ਦੀ ਸੱਭਿਆਚਾਰਕ ਵਿਰਾਸਤ, ਵਾਸਤੂਕਲਾ ਦੀ ਉੱਤਮਤਾ, ਖੇਤਰੀ ਪਛਾਣ ਅਤੇ ਇਤਿਹਾਸਕ ਨਿਰੰਤਰਤਾ ਦੀਆਂ ਵੱਖ-ਵੱਖ ਪਰੰਪਰਾਵਾਂ ਨੂੰ ਕਰਦਾ ਹੈ ਪ੍ਰਦਰਸ਼ਿਤ...*

- **ਇਸ ਸੂਚੀ ਵਿੱਚ 45 ਸਥਾਨਾਂ ਦੇ ਨਾਲ, ਭਾਰਤ ਦੁਨੀਆ ਵਿੱਚ ਛੇਵੇਂ ਅਤੇ ਏਸ਼ੀਆ-ਪੈਸੇਫਿਕ ਖੇਤਰ ਵਿੱਚ ਦੂਸਰੇ ਸਥਾਨ 'ਤੇ ਹੈ, ਜਿੱਥੇ ਸਭ ਤੋਂ ਵੱਧ ਵਿਸ਼ਵ ਵਿਰਾਸਤੀ ਸਥਾਨ ਹਨ।**

"

*ਹਰ ਭਾਰਤੀ ਦੇ ਲਈ ਮਾਣ ਦਾ ਪਲ! ਇਹ ਜਾਣ ਕੇ ਬਹੁਤ ਖੁਸ਼ੀ ਹੋਈ ਕਿ ਉੱਤਰ ਪ੍ਰਦੇਸ਼ ਦੇ ਸਾਰਨਾਥ ਨੂੰ ਯੂਨੈਸਕੋ ਦੀ ਵਿਸ਼ਵ ਵਿਰਾਸਤੀ ਸੂਚੀ ਵਿੱਚ ਸ਼ਾਮਲ ਕਰ ਲਿਆ ਗਿਆ ਹੈ। ਸਾਰਨਾਥ ਦਾ ਭਗਵਾਨ ਬੁੱਧ ਨਾਲ ਗਹਿਰਾ ਸਬੰਧ ਹੈ, ਜਿਨ੍ਹਾਂ ਦਾ ਗਿਆਨ, ਦਇਆ ਅਤੇ ਸਦਭਾਵਨਾ ਦਾ ਸਦੀਵੀ ਸੰਦੇਸ਼ ਪੂਰੀ ਦੁਨੀਆ ਨੂੰ ਪ੍ਰੇਰਿਤ ਕਰਦਾ ਹੈ। ਇਹ ਸਨਮਾਨ ਭਾਰਤ ਦੀ ਡੂੰਘੀ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦਾ ਉਤਸਵ ਹੈ। ਇਸ ਨਾਲ ਦੁਨੀਆ ਭਰ ਦੇ ਹੋਰ ਵੀ ਲੋਕ ਸਾਰਨਾਥ ਆਉਣ ਅਤੇ ਭਗਵਾਨ ਬੁੱਧ ਦੇ ਆਦਰਸ਼ਾਂ ਨਾਲ ਜੁੜਨ ਦੇ ਲਈ ਪ੍ਰੇਰਿਤ ਹੋਣਗੇ।*

**-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



**RNI Registered No. DELPUN/2020/72808, 1- 15 September, 2026**
RNI DELPUN/2020/78808, (Publishing Date: 20 August, 2026, Total Pages-46)

ਨਿਊ ਇੰਡੀਆ
ਸਮਾਚਾਰ
ਪੰਦਰਵਾੜਾ

EDITOR IN CHIEF:
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of Communication, 2nd Floor, Soochna Bhawan, New Delhi -110003